Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 142 | Wednesday, July 20, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਬੈਂਕ ਆਫ ਕੈਨੇਡਾ ਦੇ ਗਵਰਨਰ ਨੇ ਇਸ ਸਾਲ ਮਹਿੰਗਾਈ ਦਰ ਵੱਧ ਰਹਿਣ ਦਾ ਦਿੱਤਾ ਸੰਕੇਤ

ਓਟਵਾ, 20 ਜੁਲਾਈ (ਪੋਸਟ ਬਿਊਰੋ) : ਪਹਿਲਾਂ ਹੀ ਕੈਨੇਡੀਅਨਜ਼ ਨੂੰ ਮਹਿੰਗਾਈ ਦਾ ਸੇਕ ਕਾਫੀ ਹੱਦ ਤੱਕ ਮਹਿਸੂਸ ਹੋ ਰਿਹਾ ਹੈ ਅਜਿਹੇ ਵਿੱਚ ਬੈਂਕ ਆਫ ਕੈਨੇਡਾ ਦੇ ਗਵਰਨਰ ਟਿੱਫ ਮੈਕਲਮ ਵੱਲੋਂ ਇਹ ਆਖਿਆ ਜਾ ਰਿਹਾ ਹੈ ਕਿ ਕੈਨੇਡਾ ਵਿੱਚ ਮਹਿੰਗਾਈ ਦਰ ਇਸ ਸਾਲ ਵੱਧ ਹੀ ਰਹਿਣ ਦੀ ਸੰਭਾਵਨਾ ਹੈ।



ਬੁੱਧਵਾਰ ਨੂੰ ਸਟੈਟੇਸਟਿਕਸ ਕੈਨੇਡਾ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਮੁਤਾਬਕ ਜੂਨ ਵਿੱਚ ਸਾਲਾਨਾ ਮਹਿੰਗਾਈ ਦਰ 8•1 ਫੀ ਸਦੀ ਦਰਜ ਕੀਤੀ ਗਈ ਜਦਕਿ ਮਈ ਵਿੱਚ ਇਹ 7•7 ਫੀ ਸਦੀ ਸੀ। ਜਨਵਰੀ 1983 ਤੋਂ ਲੈ ਕੇ ਹੁਣ ਤੱਕ ਇਹ ਸੱਭ ਤੋਂ ਵੱਡੀ ਸਾਲਾਨਾ ਤਬਦੀਲੀ ਹੈ। ਇੱਕ ਇੰਟਰਵਿਊ ਵਿੱਚ ਮੈਕਲਮ ਨੇ ਇਹ ਆਖਿਆ ਕਿ ਮਹਿੰਗਾਈ ਸਾਰਾ ਸਾਲ ਇਸੇ ਤਰ੍ਹਾਂ ਬਣੀ ਰਹੇਗੀ।

ਪਿਛਲੇ ਮਹੀਨੇ ਮਹਿੰਗਾਈ ਦਰ ਵਿੱਚ ਹੋਣ ਵਾਲੇ ਵਾਧੇ ਦਾ ਕਾਰਨ ਮੁੱਖ ਤੌਰ ਉੱਤੇ ਗੈਸੋਲੀਨ ਦੀਆਂ ਕੀਮਤਾਂ ਵਿੱਚ ਵਾਧਾ ਹੋਣਾ ਦੱਸਿਆ ਗਿਆ। ਮੈਕਲਮ ਨੇ ਆਖਿਆ ਕਿ ਗੈਸ ਦੀਆਂ ਕੀਮਤਾਂ ਵਿੱਚ ਹੁਣ ਕਮੀ ਆਈ ਹੈ ਤੇ ਉਹ ਉਮੀਦ ਕਰਦੇ ਹਨ ਕਿ ਹੁਣ ਤੋਂ ਇੱਕ ਮਹੀਨੇ ਬਾਅਦ ਜਦੋਂ ਨੈਸ਼ਨਲ ਸਟੈਟੇਸਟਿਕਸ ਏਜੰਸੀ ਜੁਲਾਈ ਦੀ ਮਹਿੰਗਾਈ ਦਰ ਦਾ ਡਾਟਾ ਪਬਲਿਸ਼ ਕਰੇਗੀ ਤਾਂ ਇਸ ਦਰ ਵਿੱਚ ਮਾਮੂਲੀ ਕਮੀ ਦਰਜ ਕੀਤੀ ਜਾਵੇਗੀ।

ਉਨ੍ਹਾਂ ਆਖਿਆ ਕਿ ਲੋਕਾਂ ਦੇ ਹਿਸਾਬ ਨਾਲ ਵਸਤਾਂ ਦਾ ਉਤਪਾਦਨ ਕਰਨ ਦੀ ਅਰਥਚਾਰੇ ਦੀ ਸਮਰੱਥਾ ਨਾਲੋਂ ਡਿਮਾਂਡ ਦੋ ਕਦਮ ਅੱਗੇ ਚੱਲ ਰਹੀ ਹੈ ਜਿਸ ਕਾਰਨ ਮਹਿੰਗਾਈ ਵਾਲਾ ਇਹ ਦਬਾਅ ਬਣਿਆ ਰਹੇਗਾ।

## ਕੈਨੇਡਾ ਦੇ ਵੰਡਰਲੈਂਡ ਨੇੜੇ ਡਾਕੇ ਮਾਰਨ ਵਾਲੇ 12 ਟੀਨੇਜਰਜ਼ ਨੂੰ ਕੀਤਾ ਗਿਆ ਗ੍ਰਿਫਤਾਰ

ਓਨਟਾਰੀਓ, 20 ਜੁਲਾਈ (ਪੋਸਟ ਬਿਊਰੋ) : ਪਿਛਲੇ ਮਹੀਨੇ ਵਾਅਨ ਵਿੱਚ ਮਾਰੇ ਗਏ ਡਾਕਿਆਂ ਦੇ ਸਬੰਧ ਵਿੱਚ ਯੌਰਕ ਰੀਜਨ ਦੀ ਪੁਲਿਸ ਵੱਲੋਂ 12 ਟੀਨੇਜਰਜ਼ ਨੂੰ ਗ੍ਰਿਫਤਾਰ ਤੇ ਚਾਰਜ ਕੀਤਾ ਗਿਆ ਹੈ।



ਜੂਨ ਮਹੀਨੇ ਵਿੱਚ ਕੈਨੇਡਾ ਦੇ ਵੰਡਰਲੈਂਡ ਏਰੀਆ ਵਿੱਚ ਪੁਲਿਸ ਨੂੰ ਇੱਕੋ ਜਿਹੀਆਂ ਘਟਨਾਵਾਂ ਵਾਪਰਨ ਦੀਆਂ ਕਈ ਖਬਰਾਂ ਮਿਲੀਆਂ ਤੇ ਪੁਲਿਸ ਵੱਲੋਂ ਤੁਰੰਤ ਕਾਰਵਾਈ ਵੀ ਕੀਤੀ ਗਈ। ਪੁਲਿਸ ਨੇ ਦੱਸਿਆ ਕਿ ਥੀਮ ਪਾਰਕ ਦੇ ਨੇੜੇ, ਸਾਈਡਵਾਕਜ਼ ਤੇ ਪਲਾਜ਼ਾ ਵਿੱਚ ਰੌਬਰੀ ਦੀਆਂ ਕਈ ਘਟਨਾਵਾਂ ਉੱਪਰੋ-ਥੱਲੀ ਵਾਪਰੀਆਂ। ਹਰ ਵਾਰੀ ਇਹ ਪਤਾ ਲੱਗਿਆ ਕਿ ਸ਼ਾਮ ਦੇ ਸਮੇਂ ਟੀਨੇਜਰਜ਼ ਦਾ ਇੱਕ ਵੱਡਾ ਗਰੁੱਪ ਇੱਕਠਾ ਹੋ ਕੇ ਧਾਵਾ ਬੋਲਦਾ ਹੈ ਤੇ ਡਾਕਾ ਮਾਰ ਕੇ ਚਲਾ ਜਾਂਦਾ ਹੈ।

ਪੁਲਿਸ ਵੱਲੋਂ ਜਾਰੀ ਕੀਤੀ ਗਈ ਰਲੀਜ਼ ਅਨੁਸਾਰ ਯੌਰਕ ਰੀਜਨਲ ਪੁਲਿਸ ਨੇ ਕੈਨੇਡਾ ਡੇਅ ਲਾਂਗ ਵੀਕੈਂਡ ਉੱਤੇ ਆਪਰੇਸ਼ਨ ਬੀਹੇਵ ਲਾਂਚ ਕੀਤਾ, ਗਸ਼ਤ ਵਿੱਚ ਵੀ ਵਾਧਾ ਕੀਤਾ ਗਿਆ ਤੇ ਜਿਨ੍ਹਾਂ ਇਲਾਕਿਆਂ ਵਿੱਚ ਡਾਕੇ ਮਾਰੇ ਜਾ ਰਹੇ ਸਨ ਉੱਥੇ ਵੀ ਪੁਲਿਸ ਵੱਡੀ ਮਾਤਰਾ ਵਿੱਚ ਹਾਜ਼ਰ ਰਹਿਣ ਲੱਗੀ। ਇਹ ਸਕੀਮ ਕਾਫੀ ਅਸਰਦਾਰ ਰਹੀ ਤੇ ਇਸ ਪ੍ਰੋਜੈਕਟ ਦੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਕੋਈ ਡਾਕਾ ਨਹੀਂ ਮਾਰਿਆ ਗਿਆ ਹੈ।

ਜੂਨ ਵਿੱਚ ਪੁਲਿਸ ਨੇ ਜਨਤਕ ਚੇਤਾਵਨੀ ਜਾਰੀ ਕਰਦਿਆਂ ਅਜਨਬੀਆਂ ਤੋਂ ਸਥਾਨਕ ਰੈਜ਼ੀਡੈਂਟਸ ਨੂੰ ਸਾਵਧਾਨ ਰਹਿਣ ਲਈ ਆਖਿਆ ਗਿਆ। ...ਬਾਕੀ ਪੰਨਾ 2 'ਤੇ

## ਹਾਕੀ ਕੈਨੇਡਾ ਨਾਲ ਜੁੜੇ ਜਿਨਸੀ ਹਮਲੇ ਦੀ ਜਾਂਚ ਦਾ ਮੁਲਾਂਕਣ ਕਰੇਗੀ ਪੁਲਿਸ

ਓਨਟਾਰੀਓ, 20 ਜੁਲਾਈ (ਪੋਸਟ ਬਿਊਰੋ) : ਕੈਨੇਡਾ 2018 ਦੀ ਵਿਸ਼ਵ ਜੂਨੀਅਰ ਹਾਕੀ ਟੀਮ ਦੇ ਮੈਂਬਰਾਂ ਉੱਤੇ ਹੋਏ ਕਥਿਤ ਜਿਨਸੀ ਹਮਲੇ ਦੇ ਮਾਮਲੇ ਵਿੱਚ ਲੰਡਨ, ਓਨਟਾਰੀਓ ਪੁਲਿਸ ਵੱਲੋਂ ਅੰਤਰਿਮ ਰਵਿਊ ਦੇ ਹੁਕਮ ਦਿੱਤੇ ਗਏ ਹਨ।



ਇਸ ਦੌਰਾਨ ਹਾਕੀ ਕੈਨੇਡਾ ਨੇ ਆਖਿਆ ਕਿ ਉਨ੍ਹਾਂ ਵੱਲੋਂ ਜਿਨਸੀ ਹਮਲਿਆਂ ਦੇ ਮਾਮਲਿਆਂ ਨੂੰ ਨਿਪਟਾਉਣ ਲਈ ਦੇਸ਼ ਭਰ ਵਿੱਚੋਂ ਜਿਹੜੀ ਮੈਂਬਰਸ਼ਿਪ ਫੀਸ ਇੱਕਠੀ ਕਰਕੇ ਫੰਡ ਮੇਨਟੇਨ ਕੀਤਾ ਜਾ ਰਿਹਾ ਸੀ ਹੁਣ ਉਸ ਦੀ ਵਰਤੋਂ ਇਸ ਤਰ੍ਹਾਂ ਦੇ ਮਾਮਲਿਆਂ ਲਈ ਨਹੀਂ ਕੀਤੀ ਜਾਵੇਗੀ। ਲੰਡਨ ਪੁਲਿਸ ਚੀਫ ਸਟੀਵ ਵਿਲੀਅਮਜ਼ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਉਨ੍ਹਾਂ ਦੇ ਡਿਪਾਰਟਮੈਂਟ ਵੱਲੋਂ ਕੀਤੇ ਜਾਣ ਵਾਲੇ ਰਵਿਊ ਨਾਲ ਇਹ ਤੈਅ ਹੋ ਜਾਵੇਗਾ ਜੇ ਵਾਧੂ ਜਾਂਚ ਦੀ ਲੋੜ ਹੈ ਜਾਂ ਨਹੀਂ। ਉਨ੍ਹਾਂ ਆਖਿਆ ਕਿ ਇਸ ਮਾਮਲੇ ਦੀ ਅਸਲ ਜਾਂਚ, ਜਿਸ ਵਿੱਚ ਕਿਸੇ ਖਿਲਾਫ ਕੋਈ ਚਾਰਜ ਨਹੀਂ ਲਾਇਆ ਗਿਆ, ਕਾਫੀ ਤਫਸੀਲ ਵਾਲੀ ਸੀ।

ਜ਼ਿਕਰਯੋਗ ਹੈ ਕਿ ਹਾਕੀ ਕੈਨੇਡਾ ਦਾ ਤਥਾ-ਕਥਿਤ ਨੈਸ਼ਨਲ ਇਕੁਇਟੀ ਫੰਡ ਇਸ ਹਫਤੇ ਉਸ ਸਮੇਂ ਸਾਹਮਣੇ ਆਇਆ ਜਦੋਂ ਫੈਡਰੇਸ਼ਨ ਨੂੰ ਕਥਿਤ ਜਿਨਸੀ ਹਮਲੇ ਦੇ ਮਾਮਲੇ ਵਿੱਚ ਨਿਕਲੇ ਨਤੀਜੇ ਨਾਲ ਵਾਰੀ ਵਾਰੀ ਨਜਿੱਠਣਾ ਪਿਆ। ਇਹ ਜਿਨਸੀ ਹਮਲੇ ਦਾ ਮਾਮਲਾ ਚਾਰ ਸਾਲ ਪਹਿਲਾਂ ਦਾ ਹੈ ਤੇ ਇਸ ਵਿੱਚ ਇੱਕ ਈਵੈਂਟ ਦੌਰਾਨ ਅੱਠ ਖਿਡਾਰੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਪਰ ਉਨ੍ਹਾ ਦੇ ਨਾਂ ਜਾਰੀ ਨਹੀਂ ਕੀਤੇ ਗਏ ਤੇ ਬਾਅਦ ਵਿੱਚ ਇਨ੍ਹਾਂ ਸਾਰੇ ਖਿਡਾਰੀਆਂ ਨਾਲ ਕੋਰਟ ਤੋਂ ਬਾਹਰ ਹੀ ਸੈਟਲਮੈਂਟ ਕਰ ਲਈ ਗਈ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!! ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc. www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

OURR HOME & APPLIANCES
BASEMENT Special
JULY BOXING WEEK
Stacked laundry | 30 inch fridge | Electric stove
$2999
Unit #1, 241 Clarence St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

GURBIR CHAHAL
Sales Representative
416.566.7605
gurbir.chahal@yahoo.com
ROYAL LePAGE Flower City Realty

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਮੋਟਰਸਾਈਕਲ ਤੇ ਗੱਡੀ ਦੀ ਟੱਕਰ ਵਿੱਚ ਇੱਕ ਹਲਾਕ

ਵਾਅਨ, 20 ਜੁਲਾਈ (ਪੋਸਟ ਬਿਊਰੋ) : ਮੰਗਲਵਾਰ ਰਾਤ ਨੂੰ ਇੱਕ ਗੱਡੀ ਨਾਲ ਟਕਰਾ ਜਾਣ ਕਾਰਨ ਮੋਟਰਸਾਈਕਲਿਸਟ ਦੀ ਮੌਤ ਹੋ ਗਈ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਯੌਰਕ ਰੀਜਨਲ ਪੁਲਿਸ ਨੇ ਦੱਸਿਆ ਕਿ ਮੋਟਰਸਾਈਕਲ ਤੇ ਕਈ ਲੋਕਾਂ ਨਾਲ ਭਰੀ ਗੱਡੀ ਦਰਮਿਆਨ ਟੱਕਰ ਹੋਣ ਦੀ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਮੰਗਲਵਾਰ ਰਾਤ ਨੂੰ 10:00 ਵਜੇ ਮਾਰਟਿਨ ਗ੍ਰੋਵ ਰੋਡ ਦੇ ਕਾਰਨਰ ਤੇ ਹਾਈਵੇਅ 7 ਉੱਤੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਮੋਟਰਸਾਈਕਲਿਸਟ ਦੀ ਮੌਤ ਹੋ ਗਈ।

ਗੱਡੀ ਵਿੱਚ ਸਵਾਰ ਲੋਕਾਂ ਨੂੰ ਹਾਦਸੇ ਤੋਂ ਬਾਅਦ ਹਸਪਤਾਲ ਲਿਜ-ਾਇਆ ਗਿਆ ਜਿੱਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮਿਸੀਸਾਗਾ ਵਿੱਚ ਟੋਇੰਗ ਫੀਸ ਵਿੱਚ ਹੋਵੇਗਾ ਸੈਂਕੜੇ ਡਾਲਰਾਂ ਦਾ ਵਾਧਾ

ਮਿਸੀਸਾਗਾ, 20 ਜੁਲਾਈ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਟੋਇੰਗ ਫੀਸ ਵਿੱਚ ਸੈਂਕੜੇ ਹੋਰ ਡਾਲਰ ਦਾ ਇਜਾਫਾ ਹੋਣ ਜਾ ਰਿਹਾ ਹੈ। ਇੰਸ਼ੋਰੈਂਸ ਬਿਊਰੋ ਆਫ ਕੈਨੇਡਾ ਦਾ ਕਹਿਣਾ ਹੈ ਕਿ ਇਸ ਨਾਲ ਡਰਾਈਵਰਾਂ ਉੱਤੇ ਹੀ ਦਬਾਅ ਨਹੀਂ ਵਧੇਗਾ ਸਗੋਂ ਪ੍ਰੀਮੀਅਮਜ਼ ਵਿੱਚ ਵੀ ਵਾਧਾ ਹੋਵੇਗਾ।

ਪਿਛਲੇ ਮਹੀਨੇ ਮਿਸੀਸਾਗਾ ਦੀ ਸਿਟੀ ਕਾਉਂਸਲ ਵੱਲੋਂ ਸਰਬਸੰਮਤੀ ਨਾਲ ਵੋਟ ਕਰਕੇ ਉਸ ਸਮੇਂ ਟੋਇੰਗ ਫੀਸ ਵਿੱਚ ਵਾਧਾ ਕਰਨ ਲਈ ਵੋਟ ਕੀਤਾ ਗਿਆ ਜਦੋਂ ਗੱਡੀਆਂ ਨੂੰ ਕੋਲਿਜ਼ਨ ਰਿਪੋਰਟ ਸੈਂਟਰ ਭੇਜਿਆ ਜਾਂਦਾ ਹੈ। ਇਸ ਮਤੇ ਦੀ ਦੋ ਹਫਤੇ ਪਹਿਲਾਂ ਹੀ ਪੁਸ਼ਟੀ ਕੀਤੀ ਜਾ ਚੁੱਕੀ ਹੈ। ਜਿਨ੍ਹਾਂ ਗੱਡੀਆਂ ਦਾ ਵਜ਼ਨ 6,000 ਪਾਊਂਡ ਤੋਂ ਵੱਧ ਨਹੀਂ ਹੁੰਦਾ ਤੇ ਜਿਨ੍ਹਾਂ ਨੂੰ ਸਿੰਗਲ ਲੋਕੇਸ਼ਨ ਉੱਤੇ ਭੇਜਿਆ ਜਾਂਦਾ ਹੈ, ਉਨ੍ਹਾਂ ਲਈ ਫੀਸ 400 ਡਾਲਰ ਤੱਕ ਕੀਤੀ ਗਈ ਹੈ ਜਦਕਿ ਜਿਨ੍ਹਾਂ ਗੱਡੀਆਂ ਨੂੰ ਟੋਅ ਕਰਕੇ ਕੋਲਿਜ਼ਨ ਰਿਪੋਰਟ ਸੈਂਟਰ ਲਿਜਾਇਆ ਜਾਂਦਾ ਹੈ ਤੇ ਫਿਰ ਦੂਜੀ ਲੋਕੇਸ਼ਨ ਉੱਤੇ ਭੇਜਿਆ ਜਾਂਦਾ ਹੈ



ਉਨ੍ਹਾਂ ਦੀ ਫੀਸ 750 ਡਾਲਰ ਕੀਤੀ ਗਈ ਹੈ।

ਮਤੇ ਵਿੱਚ ਇਹ ਵੀ ਆਖਿਆ ਗਿਆ ਕਿ ਪੁਰਾਣੀ ਫੀਸ ਵਿੱਚ ਫਿਊਲ ਦੀਆਂ ਕੀਮਤਾਂ, ਇੰਸ਼ੋਰੈਂਸ ਤੇ ਹੋਰ ਸਬੰਧਤ ਖਰਚਿਆਂ ਨੂੰ ਵੀ ਨਹੀਂ ਸੀ ਜੋੜਿਆ ਜਾਂਦਾ। 22 ਜੂਨ ਨੂੰ ਪੇਸ਼ ਕੀਤੇ ਗਏ ਇਸ ਮਤੇ ਨੂੰ ਸਿਟੀ ਦੇ ਨੌਂ ਕੌਂਸਲਰਾਂ ਵੱਲੋਂ ਮਨਜ਼ੂਰੀ ਦੇ ਦਿੱਤੀ ਗਈ ਜਦਕਿ ਤਿੰਨ ਹੋਰ, ਜਿਨ੍ਹਾਂ ਵਿੱਚ ਮੇਅਰ ਬੌਨੀ ਕ੍ਰੌਂਬੀ ਵੀ ਸ਼ਾਮਲ ਸੀ, ਗੈਰਹਾਜ਼ਰ ਰਹੇ।

ਇਸ ਫੈਸਲੇ ਤੋਂ ਬਾਅਦ ਇੰਸ਼ੋਰੈਂਸ ਬਿਊਰੋ ਆਫ ਕੈਨੇਡਾ (ਆਈਬੀਸੀ) ਨੇ ਮਿਸੀਸਾਗਾ ਕਾਊਂਸਲ ਨੂੰ ਲਿਖੇ ਪੱਤਰ ਵਿੱਚ ਟੋਇੰਗ ਫੀਸ ਵਿੱਚ ਕੀਤੇ ਗਏ 87.5 ਫੀ ਸਦੀ ਵਾਧੇ ਉੱਤੇ ਚਿੰਤਾ ਪ੍ਰਗਟਾਈ। ਆਈਬੀਸੀ ਦੇ ਓਨਟਾਰੀਓ ਲਈ ਵਾਈਸ ਪ੍ਰੈਜ਼ੀਡੈਂਟ ਕਿੰਮ ਡੌਨਲਡਸਨ ਨੇ ਆਖਿਆ ਕਿ ਇਸ ਨਾਲ ਕੰਜ਼ਿਊਮਰਜ਼ ਦੇ ਨਾਲ ਨਾਲ ਇੰਡਸਟਰੀ ਉੱਤੇ ਵੀ ਅਸਰ ਪਵੇਗਾ।

# ਕੈਨੇਡਾ ਦੇ ਵੰਡਰਲੈਂਡ ਨੇੜੇ ਡਾਕੇ ਮਾਰਨ ਵਾਲੇ 12 ਟੀਨੇਜਰਜ਼ ਨੂੰ ਕੀਤਾ ਗਿਆ ਗ੍ਰਿਫਤਾਰ

ਪੰਨਾ 1 ਦਾ ਬਾਕੀ

ਪੁਲਿਸ ਨੇ ਦੱਸਿਆ ਕਿ ਇਹ ਗਰੁੱਪ ਪਰਸ, ਸ਼ਰਾਬ, ਸਿਗਰਟ ਤੇ ਖਾਣਾ ਤੱਕ ਖੋਹ ਲੈਂਦਾ ਸੀ। ਇਸ ਸਬੰਧ ਵਿੱਚ 12 ਟੀਨੇਜਰਜ਼ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਉਨ੍ਹਾਂ ਉੱਤੇ ਡਾਕਾ ਮਾਰਨ, ਸ਼ਰਾਰਤ ਕਰਨ ਤੇ ਗੜਬੜੀ ਫੈਲਾਉਣ ਵਰਗੇ ਚਾਰਜਿਜ਼ ਲਾਏ ਗਏ ਹਨ। ਮਸ਼ਕੂਕਾਂ ਦੀ ਉਮਰ 13 ਤੋਂ 17 ਸਾਲ ਦਰਮਿਆਨ ਦੱਸੀ ਜਾਂ ਰਹੀ ਹੈ ਤੇ ਇਹ ਟੋਰਾਂਟੋ, ਮਿਸੀਸਾਗਾ, ਓਕਵਿੱਲ ਤੇ ਯੌਰਕ ਰੀਜਨ ਨਾਲ ਸਬੰਧਤ ਦੱਸੇ ਜਾਂਦੇ ਹਨ। ਇੱਕ 16 ਸਾਲਾ ਲੜਕੇ ਨੂੰ ਜੂਨ ਵਿੱਚ ਇਨ੍ਹਾਂ ਸੱਭ ਤੋਂ ਪਹਿਲਾਂ ਵੀ ਗ੍ਰਿਫਤਾਰ ਕੀਤਾ ਗਿਆ ਸੀ।

ਪੁਲਿਸ ਨੇ ਦੱਸਿਆ ਕਿ ਇਹ ਆਪਰੇਸ਼ਨ ਗਰਮੀਆਂ ਵਿੱਚ ਜਾਰੀ ਰਹੇਗਾ ਤੇ ਜਾਂਚਕਾਰ ਕੈਨੇਡਾ ਦੇ ਵੰਡਰਲੈਂਡ ਦੀ ਸਕਿਊਰਿਟੀ ਅਤੇ ਬਿਜ਼ਨਸ ਓਨਰਜ਼ ਨਾਲ ਰਲ ਕੇ ਜਾਂਚ ਕਰਦੇ ਰਹਿਣਗੇ।

# ਇੱਕ ਘਰ ਵਿੱਚ ਮ੍ਰਿਤਕ ਪਾਏ ਗਏ ਵਿਅਕਤੀ ਦੇ ਮਾਮਲੇ ਦੀ ਜਾਂਚ ਕਰ ਰਹੀ ਹੈ ਹੋਮੀਸਾਈਡ ਯੂਨਿਟ

ਬਰੈਂਪਟਨ, 20 ਜੁਲਾਈ (ਪੋਸਟ ਬਿਊਰੋ) : ਬੁੱਧਵਾਰ ਸਵੇਰੇ ਬਰੈਂਪਟਨ ਦੇ ਪੱਛਮੀ ਹਿੱਸੇ ਵਿੱਚ ਇੱਕ ਪੇਂਡੂ ਪ੍ਰਾਪਰਟੀ ਉੱਤੇ ਇੱਕ ਵਿਅਕਤੀ ਦੇ ਮ੍ਰਿਤਕ ਪਾਏ ਜਾਣ ਤੋਂ ਬਾਅਦ ਪੀਲ ਪੁਲਿਸ ਦੇ ਹੋਮੀਸਾਈਡ ਡਿਟੈਕਟਿਵਜ਼ ਮਾਮਲੇ ਦੀ ਜਾਂਚ ਕਰ ਰਹੇ ਹਨ।

ਪੁਲਿਸ ਨੂੰ ਸਵੇਰੇ 8:30 ਵਜੇ ਵਿੰਸਟਨ ਚਰਚਿਲ ਬੁਲੇਵਾਰਡ ਨੇੜੇ ਵੇਨਲੈੱਸ ਡਰਾਈਵ ਉੱਤੇ ਸਥਿਤ ਇੱਕ ਘਰ ਵਿੱਚ ਇੱਕ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਖਬਰ ਮਿਲੀ। ਡਿਊਟੀ ਇੰਸਪੈਕਟਰ ਨੈਟਲੀ ਹਿਲਟਜ਼ ਨੇ ਦੱਸਿਆ ਕਿ ਜ਼ਖ਼ਮੀ ਵਿਅਕਤੀ ਘਰ ਦੇ ਅੰਦਰ ਮੌਜੂਦ ਸੀ ਤੇ ਉਸ ਉੱਤੇ ਜ਼ੋਰਦਾਰ ਹਮਲਾ ਕੀਤਾ ਗਿਆ ਸੀ। ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ।



ਪੁਲਿਸ ਨੂੰ ਘਰ ਦੇ ਬਾਹਰ ਇੱਕ ਹੋਰ ਵਿਅਕਤੀ ਮਿਲਿਆ ਤੇ ਪੁਲਿਸ ਨੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ। ਉਸ ਉੱਤੇ ਕੀ ਚਾਰਜਿਜ਼ ਲਾਏ ਗਏ ਹਨ ਇਸ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਮਿਲੀ ਹੈ। ਮ੍ਰਿਤਕ ਤੇ ਗ੍ਰਿਫਤਾਰ ਕੀਤੇ ਗਏ ਵਿਅਕਤੀ ਵਿਚਾਲੇ ਕੀ ਸਬੰਧ ਸੀ ਇਸ ਦਾ ਖੁਲਾਸਾ ਵੀ ਅਜੇ ਨਹੀਂ ਹੋਇਆ ਹੈ।

## ਕੱਚੇ ਮੁਲਾਜ਼ਮ ਪੱਕੇ ਕਰਨ ਦਾ ਮਾਮਲਾ: ਕੈਬਨਿਟ ਸਬ ਕਮੇਟੀ ਕੋਲ ਮੁਲਾਜ਼ਮਾਂ ਦੀ ਸੂਚੀ ਹੀ ਨਹੀਂ ਪਹੁੰਚੀ

ਚੰਡੀਗੜ੍ਹ, 20 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ 36 ਹਜ਼ਾਰ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਵਾਅਦਾ ਕੀਤਾ ਸੀ, ਪਰ ਇਹ ਕੰਮ ਸੌਖਾ ਆਸਾਨ ਨਹੀਂ। ਇਸ ਮਾਮਲੇ ਵਿੱਚ ਸਰਕਾਰ ਵੱਲੋਂ ਬਣਾਈ ਸਬ ਕਮੇਟੀ ਦੀ ਕੱਲ੍ਹ ਹੋਈ ਮੀਟਿੰਗ ਵਿੱਚ ਵੀ ਇਹ ਮਾਮਲਾ ਅਜੇ ਸਿਰੇ ਨਹੀਂ ਚੜ੍ਹ ਸਕਿਆ। ਮਿਲੀ ਜਾਣਕਾਰੀ ਅਨੁਸਾਰ ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਜੋ ਕੱਚੇ ਮੁਲਾਜ਼ਮਾਂ ਦੀ ਸੂਚੀ ਸੌਂਪਣੀ ਸੀ ਉਹ ਅਧੂਰੀ ਸੀ, ਜਿਸ ਕਾਰਨ ਕੈਬਨਿਟ ਸਬ ਕਮੇਟੀ ਨੇ ਸਬੰਧਤ ਅਧਿਕਾਰੀਆਂ ਨੂੰ ਦੋ ਦਿਨ ਹੋਰ ਦਿੱਤੇ ਹਨ। ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਾਲੀ ਕਮੇਟੀ ਨੇ ਅਧਿਕਾਰੀਆਂ ਨੂੰ ਦਿੱਤੇ ਸਮੇਂ ਵਿੱਚ ਸੂਚੀ ਸੌਂਪਣ ਨੂੰ ਕਿਹਾ ਹੈ ਤਾਂ ਜੋ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਕੰਮ ਸਿਰੇ ਚੜ੍ਹ ਸਕੇ। ਵਰਨਣ ਯੋਗ ਹੈ ਕਿ ਪੰਜਾਬ ਦੇ ਸਰਕਾਰੀ ਵਿਭਾਗਾਂ ਵਿੱਚ ਕੱਚੇ ਮੁਲਾਜ਼ਮ ਪੱਕੇ ਕਰਨ ਦਾ ਫੈਸਲਾ ਪਿਛਲੀ ਕਾਂਗਰਸ ਸਰਕਾਰ ਨੇ ਲਿਆ ਸੀ। ਇਸ ਬਾਰੇ ਓਦੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕੇਸ ਮੰਤਰੀ ਮੰਡਲ ਵਿੱਚ ਪਾਸ ਕਰਨ ਮਗਰੋਂ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਵਾਸਤੇ ਫਾਈਲ ਗਵਰਨਰ ਨੂੰ ਭੇਜੀ ਸੀ, ਪਰ ਗਵਰਨਰ ਨੇ ਮਨਜ਼ੂਰੀ ਨਹੀਂ ਸੀ ਦਿੱਤੀ। ਫਿਰ ਸਰਕਾਰ ਬਦਲੀ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 36 ਹਜ਼ਾਰ ਕੱਚੇ ਮੁਲਾਜ਼ਮੇ ਪੱਕਾ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।

# ਬੰਦੀ ਸਿੰਘਾਂ ਦੀ ਰਿਹਾਈ ਲਈ ਸੁਖਬੀਰ ਦੀ ਅਗਵਾਈ ਹੇਠ ਅਕਾਲੀ ਦਲ ਵੱਲੋਂ ਦਿੱਲੀ ਵਿੱਚ ਧਰਨਾ

*** ਮਨਪ੍ਰੀਤ ਇਯਾਲੀ ਦਿੱਲੀ ਧਰਨੇ ਵਿੱਚੋਂ ਵੀ ਗੈਰ-ਹਾਜ਼ਰ * ਲੜਾਈ ਬੰਦੀ ਸਿੰਘਾਂ ਦੀ ਨਹੀਂ, ਅਕਾਲੀ ਦਲ ਦੀ ਹੋਂਦ ਦੀ ਹੈ : ਸਿਰਸਾ**

ਨਵੀਂ ਦਿੱਲੀ, 20 ਜੁਲਾਈ, (ਪੋਸਟ ਬਿਊਰੋ)- ਬਾਦਲ ਅਕਾਲੀ ਦਲਨੇ ਅੱਜ ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਲੀ ਜਾ ਕੇ ਵਿਰੋਧ ਪ੍ਰਦਰਸ਼ਨ ਕੀਤਾ ਅਤੇ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਜੰਤਰ-ਮੰਤਰ ਵਿਖੇ ਧਰਨਾ ਲਾਇਆ ਹੈ। ਇਸ ਮੌਕੇ ਅਕਾਲੀ ਦਲ ਦੀ ਚੋਖੀ ਲੀਡਰਸ਼ਿਪ ਅਤੇ ਅਕਾਲੀ ਵਰਕਰ ਮੌਜੂਦ ਹਨ।


ਇਸ ਧਰਨੇ ਵਿੱਚ ਬੋਲਦਿਆਂ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਾਰਤ ਸਰਕਾਰ ਨੇ 'ਅਸੀਂ ਬੰਦੀ ਸਿੰਘਾਂ ਦੀ ਰਿਹਾਈ ਮੰਗ ਰਹੇ ਆਂ' ਗਾਣੇ ਉੱਤੇ ਪਾਬੰਦੀ ਲਾ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਯੂ-ਟਿਊਬ ਤੋਂ ਇਹ ਗਾਣਾ ਰੋਕ ਸਕਦੀ ਹੈ, ਪਰ ਸਿੰਘਾਂ ਅਤੇ ਪੰਜਾਬੀਆਂ ਦੇ ਦਿਲਾਂਤੋਂ ਨਹੀਂ ਕੱਢ ਸਕਦੀ।

ਹੈਰਾਨੀ ਦੀ ਗੱਲ ਹੈ ਕਿ ਅੱਜ ਜਦੋਂ ਅਕਾਲੀ ਦਲ ਨੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਦਿੱਲੀ ਵਿੱਚ ਧਰਨਾ ਦਿੱਤਾ ਤਾਂ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਪੁੱਜੀ, ਪਰ ਪੰਜਾਬ ਵਿਧਾਨ ਸਭਾ ਵਿੱਚ ਅਕਾਲੀ ਗਰੁੱਪ ਦੇ ਆਗੂਤੇ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਗੈਰ-ਹਾਜ਼ਰ ਰਹੇ। ਇਸ ਨੂੰ ਅਕਾਲੀ ਦਲ ਵਿੱਚ ਉੱਠ ਰਹੀ ਬਗਾਵਤ ਵੱਜੋਂ ਦੇਖਿਆ ਗਿਆ ਹੈ। ਮਨਪ੍ਰੀਤ ਸਿੰਘ ਇਯਾਲੀ ਇਸ ਧਰਨੇ ਵਿੱਚ ਨਾ ਪੁੱਜਣ ਤੋਂ ਪਹਿਲਾਂ ਵੀ ਪਾਰਟੀ ਨਾਲ ਨਾਰਾਜ਼ਗੀ ਦਿਖਾ ਚੁੱਕੇ ਹਨ ਤੇਬੀਤੇ ਦਿਨੀਂ ਰਾਸ਼ਟਰਪਤੀ ਚੋਣ ਦਾ ਵੀ ਬਾਈਕਾਟ ਕੀਤਾ ਸੀ। ਉਦੋਂ ਉਨ੍ਹਾ ਇਯਾਲੀ ਨੇ ਪਾਰਟੀ ਲੀਡਰਸ਼ਿਪਬਾਰੇ ਕਿਹਾ ਸੀ ਕਿ ਐੱਨ ਡੀ ਏ ਨੂੰ ਸਮਰਥਨ ਦੇਣ ਤੋਂ ਪਹਿਲਾਂ ਉਨ੍ਹਾਂ ਨਾਲ ਇੱਕ ਵਾਰ ਵੀ ਸਲਾਹ ਨਹੀਂ ਕੀਤੀ ਗਈ। ਉਨ੍ਹਾਂ ਨੇ ਕਿਹਾ ਸੀ ਕਿ ਭਾਜਪਾ ਸਰਕਾਰ ਆਉਣ ਪਿੱਛੋਂ ਵੀ ਸਾਡੇ ਮਸਲੇ ਹੱਲ ਨਹੀਂ ਹੋਏ ਤਾਂਅਕਾਲੀ ਲੀਡਰਸ਼ਿਪ ਵੀ ਜ਼ਿਮੇਵਾਰ ਹੈ। ਅੱਜ ਅਕਾਲੀ ਦਲ ਦੇ ਧਰਨੇਤੋਂ ਪਰੇ ਰਹਿ ਕੇ ਉਨ੍ਹਾਂ ਨੇ ਫਿਰ ਨਾਰਾਜ਼ਗੀ ਜ਼ਾਹਰ ਕਰ ਦਿੱਤੀ ਹੈ।

ਦੂਸਰੇ ਪਾਸੇ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ




ਪ੍ਰਧਾਨ ਅਤੇ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਅਕਾਲੀ ਦਲ ਦੀ ਲੜਾਈ ਬੰਦੀ ਸਿੰਘਾਂ ਦੀ ਰਿਹਾਈ ਲਈ ਨਹੀਂ, ਪਾਰਟੀ ਦੀ ਹੋਂਦ ਬਚਾਉਣ ਲਈ ਹੈ।ਉਨ੍ਹਾਂ ਕਿਹਾ ਅਕਾਲੀ ਦਲ ਵਿੱਚਮੰਗ ਉੱਠੀ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਤੋਂ ਹਟਾ ਦਿਉ ਅਤੇ ਮੈਂ ਹਰਸਿਮਰਤ ਕੌਰ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਤੋਂ ਪੁੱਛਦਾ ਹਾਂ ਕਿ ਹਰਸਿਮਰਤ ਕੌਰ ਬਾਦਲ 2019 ਵਿੱਚਜਦੋਂ ਕੇਂਦਰੀ ਮੰਤਰੀ ਸਨ, ਓਦੋਂ ਉਨ੍ਹਾਂ ਨੂੰ ਬੰਦੀ ਸਿੰਘਾਂ ਦੀ ਰਿਹਾਈ ਦਾ ਚੇਤਾ ਕਿਉਂ ਨਹੀਂ ਆਇਆ?

# ਮੂਸੇਵਾਲਾ ਕਤਲ ਕਾਂਡ ਦੇ ਸ਼ਾਰਪ ਸ਼ੂਟਰ ਜਗਰੂਪ ਰੂਪਾ ਅਤੇ ਮੰਨੂ ਮੁਕਾਬਲੇ ਵਿੱਚ ਮਾਰੇ ਗਏ

ਅੰਮ੍ਰਿਤਸਰ, 20 ਜੁਲਾਈ, (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਸ਼ਾਮਲ ਸ਼ੂਟਰਅੱਜ ਪੁਲਿਸਮੁਕਾਬਲੇ ਵਿੱਚ ਮਾਰੇ ਗਏ। ਪੰਜਾਬ ਡਾਇਰੈਕਟਰ ਜਨਰਲਪੁਲਿਸ(ਡੀ ਜੀ ਪੀ) ਗੌਰਵ ਯਾਦਵ ਮੁਤਾਬਕ ਇਨ੍ਹਾਂ ਵਿੱਚ ਜਗਰੂਪਰੂਪਾ ਅਤੇ ਮਨਪ੍ਰੀਤ ਮਨੂੰ ਗੈਂਗਸਟਰਵੀ ਸਨ। ਇਹ ਮੁਕਾਬਲਾ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਭਕਨਾ ਵਿੱਚ ਕਰੀਬ 6 ਘੰਟੇ ਚੱਲਿਆ, ਜਿਸ ਦੌਰਾਨ 3 ਪੁਲਿਸ ਮੁਲਾਜ਼ਮ ਤੇ ਇੱਕ ਪੱਤਰਕ-ਾਰ ਵੀ ਜ਼ਖਮੀ ਹੋਏ ਹਨ।

ਅੱਜ ਹੋਏ ਪੁਲਸ ਮੁਕਾਬਲੇ ਪਿੱਛੋਂਐਂਟੀ ਗੈਂਗਸਟਰ ਟਾਸਕ ਫੋਰਸ ਦੇ ਮੁਖੀ ਅਤੇ ਪੰਜਾਬ ਪੁਲਿਸ ਦੇ ਐਡੀਸ਼ਨਲ ਡਾਇਰੈਕਟਰ ਜਨਰਲ ਪ੍ਰਮੋਦ ਬਾਨ ਨੇ ਦੱਸਿਆ ਕਿ ਜਿਸ ਘਰ ਇਹ ਗੈਂਗਸਟਰ ਹੋਏ ਸਨ, ਓਥੋਂ ਏਕੇ-47 ਰਾਈਫ਼ਲ ਅਤੇ ਪਿਸਤੌਲ ਦੇ ਨਾਲ ਇੱਕ ਬੈਗ ਮਿਲਿਆ ਹੈ, ਜਿਸ ਨੂੰ ਫੋਰੈਂਸਿਕ ਜਾਂਚ ਮਗਰੋਂ ਖੋਲ੍ਹਿਆ ਜਾਵੇਗਾ। ਪ੍ਰਮੋਦ ਬਾਨ ਨੇ ਦੱਸਿਆ ਕਿ ਪੁਲਿਸ ਨੇ ਦੋਵਾਂ ਸ਼ੂਟਰਾਂ ਨੂੰ ਆਤਮਸਮੱਰਪਣ ;ਈ ਕਿਹਾ ਸੀ, ਪਰ ਉਨ੍ਹਾਂਨੇ ਫਾਇਰਿੰਗ ਸ਼ੁਰੂ ਕਰ ਦਿੱਤੀ, ਜਿਸ ਵਿੱਚ ਤਿੰਨ ਪੁਲਿਸ ਵਾਲੇ ਜ਼ਖਮੀ ਹੋ ਗਏ। ਕਰੀਬ ਸਾਢੇ ਚਾਰ ਘੰਟੇ ਚੱਲੇ ਮੁਕਾਬਲੇ ਵਿੱਚ ਦੋਵੇਂ ਸ਼ੂਟਰ ਮਾਰੇ ਗਏ।ਸਿੱਧੂਮੂਸੇਵਾਲਾ ਦਾ ਕਤਲ ਵੇਲੇ ਤੋਂਪੁਲਸ ਟੀਮਾਂ ਇਨ੍ਹਾਂ ਦਾ ਪਿੱਛਾ ਕਰ ਰਹੀਆਂ ਸਨ। ਐਡੀਸ਼ਨਲ ਡੀਜੀਪੀ ਨੇ ਕਿਹਾ ਕਿ ਗੈਂਗਸਟਰਾਂ ਨੂੰ ਪੰਜਾਬ ਪੁਲਿਸ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਕੋਲ ਏਕੇ 47 ਕਿੱਥੋਂ ਆਈ, ਇਸ ਦੀ ਜਾਂਚ ਸਮੇਤਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱ-ਚਵਰਤੇਗਏ ਸਾਰੇ ਹਥਿਆਰਾਂ ਦੀ ਫੋਰੈਂਸਿਕ ਹੋਵੇਗੀ।



ਸ਼ਾਰਪ ਸ਼ੂਟਰ ਮਨਪ੍ਰੀਤ ਮਨੂੰ ਅੱਜ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਭਕਨਾ ਵਿਖੇ ਪੁਲਸਮੁਕਾਬਲੇ ਵਿੱਚ ਮਾਰੇ ਜਾਣ ਨਾਲ ਪਿੰਡ ਕੁੱਸਾਫਿਰ ਖਬਰਾਂ ਵਿੱਚ ਆ ਗਿਆ। ਵਿਸ਼ਵ ਪੱਧਰ ਉੱਤੇ ਚਰਚਿਤ ਸਿੱਧੂ ਮੂਸੇਵਾਲਾ ਕੇਸ ਦੇ ਤਾਰ ਇਸ ਪਿੰਡ ਦੇ ਨੌਜਵਾਨ ਮਨਪ੍ਰੀਤ ਮਨੂੰ ਨਾਲ ਜੁੜ ਗਏ ਸਨ।ਕਸਬਾ ਨਿਹਾਲ ਸਿੰਘ ਵਾਲਾ ਨੇੜੇ ਪਿੰਡ ਕੁੱਸਾ ਦਾ ਮਨਪ੍ਰੀਤ ਸਿੰਘ ਮਨੂੰ ਪਹਿਲਾਂ ਆਪਣੇ 2 ਭਰਾਵਾਂ ਨਾਲ ਪਿੰਡ ਵਿੱਚ ਕਾਰਪੇਂਟਰ ਦੀ ਦੁਕਾਨ ਕਰਦਾ ਸੀ। ਪਿੰਡ ਰੰਗੀਆਂ ਦਾ ਇੱਕਆਦਮੀ ਉਸ ਉੱਤੇ ਹਮਲਾ ਕਰਨ ਲਈ ਉਸ ਦੇ ਘਰ ਆਇਆ ਤਾਂ ਮਨੂੰ ਵੱਲੋਂ ਜਵਾਬੀ ਵਾਰ ਨਾਲ ਉਸ ਦੀ ਮੌਤ ਹੋ ਗਈ ਸੀ। ਕਤਲ ਕੇਸ ਵਿੱਚ ਨਾਮਜ਼ਦ ਹੋਣ ਪਿੱਛੋਂ ਉਹ ਜੇਲ੍ਹ ਜਾਣ ਪਿੱਛੋਂ ਅਪਰਾਧ ਜਗਤ ਵਿੱਚ ਧੱਸ ਗਿਆ। ਜੇਲ੍ਹ ਤੋਂ ਛੁੱਟੀ ਆਏ ਮਨੂੰ ਨੇ ਆਪਣੇ ਛੋਟੇ ਭਰਾ ਗੁਰਦੀਪ ਸਿੰਘ ਗੋਰਾ ਨਾਲ ਰਲ ਕੇ ਇੱਕ ਹੋਰ ਨੌਜਵਾਨ ਦਾ ਕਤਲ ਕਰਦਿੱਤਾ ਤਾਂ ਆਪਣੇ ਭਰਾ ਗੋਰਾ ਸਮੇਤ ਫਿਰ ਜੇਲ੍ਹ ਚਲਾ ਗਿਆ।ਓਥੇ ਇਨ੍ਹਾਂ ਭਰਾਵਾਂ ਦੇ ਸੰਬੰਧ ਬਿਸ਼ਨੋਈ ਗਰੁੱਪ ਨਾਲ ਬਣ ਗਏ।ਮਨਪ੍ਰੀਤ ਮਨੂੰ ਉੱਤੇ ਕੁਲ 14 ਕੇਸਾਂ ਵਿੱਚੋਂ 4 ਕਤਲ ਕੇਸ ਦਰਜ ਹਨ। ਉਸ ਦੇ ਦੂਸਰੇ 2 ਭਰਾ ਗੁਰਦੀਪ ਸਿੰਘ ਗੋਰਾ ਅਤੇ ਸ਼ਮਸ਼ੇਰ ਸਿੰਘ ਵੀ ਫਰੀਦਕੋਟ ਜੇਲ੍ਹ ਵਿੱਚ ਹਨ। ਉਸ ਦੇ ਮਾਂ-ਬਾਪ ਘਰਵੀ ਨਹੀਂ। ਉਸ ਦੇ ਘਰ ਅੱਗੇ ਕੁਝ ਸਮਾਂ ਪਹਿਲਾਂ ਦਿੱਲੀ ਪੁਲਸਨੇ ਨੋਟਿਸ ਲਾ ਕੇ ਉਸ ਨੂੰ ਪੁਲਸ ਕੋਲ ਪੇਸ਼ ਹੋਣ ਨੂੰ ਕਿਹਾ ਸੀ। ਇਸ ਤੋਂ ਪਹਿਲਾਂ ਇਸ ਪਿੰਡ ਦਾ ਦਵਿੰਦਰ ਬੰਬੀਹਾ ਗਰੁੱਪ ਦਾ ਗੈਂਗਸਟਰ ਸੁਖਪ੍ਰੀਤ ਬੁੱਢਾ ਕਈ ਸਾਲ ਪੰਜਾਬ ਸਮੇਤ ਵੱਖ-ਵੱਖ ਰਾਜਾਂ ਦੀ ਪੁਲਸ ਲਈ ਸਿਰਦਰਦੀ ਬਣ ਚੁੱਕਾ ਹੈ, ਉਸ ਉੱਤੇ ਵੀ ਦਰਜਨਾਂ ਅਪਰਾਧਿਕ ਕੇਸ ਸਨ ਅਤੇ ਉਹ ਅੱਜਕੱਲ੍ਹ ਜੇਲ੍ਹ ਵਿੱਚ ਹੈ। ਸੁਖਪ੍ਰੀਤ ਬੁੱਢਾ ਵੀ ਪਹਿਲਾਂ ਗੱਡੀਆਂ ਦਾ ਵਧੀਆ ਮਕੈਨਿਕ ਸੀ, ਪਰਜੇਲ੍ਹ ਜਾਣ ਮਗਰੋਂ ਦਵਿੰਦਰ ਬੰਬੀਹਾ ਗਰੁੱਪ ਨਾਲ ਨੇੜਤਾ ਬਣ ਗਈ ਸੀ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਗੈਂਗਸਟਰਾਂ ਵਿਰੁੱਧ ਮੁਹਿੰਮ ਵਿੱਚ ਸਫਲਤਾਲਈ ਪੁਲਸ, ਖਾਸ ਕਰਕੇ ਗੈਂਗਸਟਰ ਵਿਰੋਧੀ ਟਾਸਕ ਫੋਰਸ ਨੂੰ ਵਧਾਈਦਿੱਤੀ ਹੈ।ਅੱਜ ਜਾਰੀ ਬਿਆਨ ਵਿੱਚਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਨੇ ਰਾਜ ਵਿੱਚ ਗੈਂਗਸਟਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਫੈਸਲਾਕੁਨ ਜੰਗ ਛੇੜੀ ਹੋਈ ਹੈ।

## ਅੱਜ ਨਾਮਾ

ਵਧਦਾ ਗੈਂਗਾਂ ਦਾ ਜਾਂਦਾ ਪਿਆ ਨਿੱਤ ਗਲਬਾ,
ਬਚਿਆ ਭਾਰਤ ਦਾ ਕੋਈ ਨਹੀਂ ਰਾਜ ਮੀਆਂ।
ਖੜਕ ਰਹੇ ਲੋਕਾਂ ਵੱਲ ਫੋਨ ਫਿਰੌਤੀਆਂ ਲਈ,
ਹਾਲਾਤ ਦੇ ਬਣੇ ਜਿਉਂ ਲੋਕ ਮੁਹਤਾਜ ਮੀਆਂ।
ਫੜਦੀ ਪੁਲਸ ਜਾਂ ਕਿਧਰੇ ਆ ਮਾਰ ਛੱਡਦੀ,
ਆਉਂਦੇ ਛੋਹਰੇ ਨਹੀਂ ਆਦਤੋਂ ਬਾਜ਼ ਮੀਆਂ।
ਮੀਟਿੰਗਾਂ ਹੁੰਦੀਆਂ ਕਰਨ ਲਈ ਸਖਤ ਪਹਿਰੇ,
ਵਿਗੜਿਆ ਮਰਜ਼ ਇਹ ਮੰਗੇ ਇਲਾਜ ਮੀਆਂ।
ਹਰ ਸਰਕਾਰ ਪਈ ਦੂਜੀ ਵੱਲ ਕਰੇ ਉਂਗਲ,
ਦੂਸ਼ਣ ਲਾਉਣ ਦੀ ਲਾਈ ਪਈ ਦੌੜ ਮੀਆਂ।
ਆਦਮੀ ਆਮ ਲਈ ਜੀਵਣਾ ਬੜਾ ਮੁਸ਼ਕਲ,
ਝੁੱਗਾ ਹੋਇਆ ਪਿਆ ਜਦੋਂ ਸਭ ਚੌੜ ਮੀਆਂ।

**ਤੀਸ ਮਾਰ ਖਾਂ**

# ਪਾਕਿ ਸਿੱਖ ਗੁਰਦੁਆਰਾ ਕਮੇਟੀ ਭੰਗ, ਤਾਰਾ ਸਿੰਘ ਹੋ ਸਕਦੇ ਹਨ ਨਵੇਂ ਪ੍ਰਧਾਨ

ਅੰਮ੍ਰਿਤਸਰ, 20 ਜੁਲਾਈ, (ਪੋਸਟ ਬਿਊਰੋ)- ਪਾਕਿਸਤਾਨ ਸਿੱਖ ਗੁਰਦੁ-ਆਰਾ ਪ੍ਰਬੰਧਕ ਕਮੇਟੀ ਭੰਗ ਕਰ ਦਿੱਤੀ ਗਈ ਹੈ ਅਤੇ ਨਵੀਂ ਕਮੇਟੀ ਬਣਨ ਵੇਲੇ ਤਾਰਾ ਸਿੰਘ ਦੇ ਪ੍ਰਧਾਨ ਬਣਨ ਦੀ ਪੂਰੀ ਸੰਭਾਵਨਾ ਹੈ। ਇਸ ਤੋਂ ਪਹਿਲਾਂ ਅਮੀਰ ਸਿੰਘ ਇਸ ਕਮੇਟੀ ਦੇ ਪ੍ਰਧਾਨ ਸਨ। ਔਕਾਫ ਬੋਰਡ ਨੇ ਇਹ ਕਮੇਟੀ ਅਚਾਨਕ ਭੰਗ ਕਰ ਦਿੱਤੀ ਹੈ, ਜਿਸ ਮਗਰੋਂ ਨਵੇਂ ਪ੍ਰਧਾਨ ਲਈ ਕਿਆਫੇ ਲੱਗਣ ਲੱਗ ਪਏ ਹਨ। ਸਭ ਤੋਂ ਤਕੜੇ ਦਾਅਵੇਦਾਰਤਾਰਾ ਸਿੰਘ ਮੰਨੇ ਜਾਂਦੇ ਹਨ। ਉਹ ਪਾਕਿਸਤਾਨਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਹਿਲਾਂ ਵੀਪ੍ਰਧਾਨ ਰਹਿ ਚੁੱਕੇ ਹਨ।

ਵਰਨਣ ਯੋਗ ਹੈ ਕਿ ਪਾਕਿਸਤਾਨ ਸਰਕਾਰ ਦਾ ਔਕਾਫ਼ ਬੋਰਡ ਪਾਕਿ-ਸਤਾਨ ਦਾ ਗੁਰਦੁਆਰਾ ਪ੍ਰਬੰਧ ਵੇਖਦੀ ਇਸ ਕਮੇਟੀ ਦੇ ਪ੍ਰਧਾਨ ਤੇ ਅਹੁਦੇਦਾਰ ਨਿਯੁਕਤ ਕਰਦਾ ਹੈ। ਨਨਕਾਣਾ ਸਾਹਿਬ ਤੋਂ ਪਾਕਿ ਔਕਾਫ਼ ਬੋਰਡ ਦੇ ਸਰਕਾਰੀ ਮੈਂਬਰ ਕ੍ਰਿਪਾ ਸਿੰਘ ਨੇ ਦੱਸਿਆ ਕਿ ਪ੍ਰਧਾਨ ਤੇ ਜਨਰਲ ਸੈਕਟਰੀ ਸਣੇ ਕੁੱਲ 10 ਮੈਂਬਰ ਹੁੰਦੇ ਹਨ, ਜਿਹੜੇ ਇਸ



ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਲਏ ਜਾਂਦੇ ਹਨ।ਇਨ੍ਹਾਂ ਦੀ ਨਾਮਜ਼ਦਗੀ ਚਾਰ ਸਾਲ ਦੀ ਹੁੰਦੀ ਹੈ ਅਤੇ ਇਨ੍ਹਾਂ ਵਿੱਚੋਂ ਅਹੁਦੇਦਾਰ ਚੁਣੇ ਜਾਂਦੇ ਹਨ। ਇਹ ਮਿਆਦ 12 ਜੁਲਾਈ ਨੂੰ ਖਤਮ ਹੋਗਈ ਹੋਣ ਕਰ ਕੇ ਨਵੇਂ ਮੈਂਬਰ ਨਾਮਜ਼ਦ ਕੀਤੇ ਜਾਣੇ ਹਨ।

ਜਾਣਕਾਰ ਸੂਤਰਾਂ ਅਨੁਸਾਰ ਤਾਰਾ ਸਿੰਘ ਦਾ ਨਵੇਂ ਮੈਂਬਰਾਂ ਵਿੱਚਹੋਣਾ ਤੈਅ ਹੈ ਅਤੇ ਫਿਰ ਪ੍ਰਧਾਨ ਵੀ ਉਸ ਨੂੰ ਹੀ ਬਣਾਇਆ ਜਾਵੇਗਾ। ਪਾਕਿਸਤਾਨ ਵਿੱਚਸਿੱਖਾਂ ਦੇ ਕਈ ਇਤਹਾਸਕ ਗੁਰ-ਦੁਆਰੇ ਹਨ, ਜਿਨ੍ਹਾਂ ਦਾ ਪ੍ਰਬੰਧ ਪਾਕਿ-ਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੇਖਦੀ ਹੈ।

# ਦਲੇਰ ਮਹਿੰਦੀ ਨੂੰ ਹਾਈ ਕੋਰਟ ਤੋਂ ਰਾਹਤ ਨਹੀਂ ਮਿਲੀ, 15 ਸਤੰਬਰ ਤੱਕ ਜੇਲ੍ਹ ਵਿੱਚ ਰਹੇਗਾ

ਚੰਡੀਗੜ੍ਹ, 20 ਜੁਲਾਈ, (ਪੋਸਟ ਬਿਊਰੋ)- ਪੰਜਾਬੀ ਗਾਇਕ ਦਲੇਰ ਮਹਿੰਦੀ ਨੂੰ ਹਾਲੇ ਜੇਲ੍ਹ ਰਹਿਣ ਪਵੇਗਾ, ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂਅੱਜਉਨ੍ਹਾਂ ਨੂੰ ਕੋਈ ਰਾਹਤ ਨਹੀਂ ਮਿਲੀ।

ਵਰਨਣ ਯੋਗ ਹੈ ਕਿ ਗਾਇਕਦਲੇਰ ਮਹਿੰਦੀ ਨੇ ਕਬੂਤਰਬਾਜ਼ੀ ਕੇਸ ਵਿੱਚਹੋਈ 2 ਸਾਲ ਦੀ ਸਜ਼ਾ ਵਿਰੁੱਧਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਇਸ ਦੀ ਸੁਣਵਾਈ ਮੌਕੇਹਾਈ ਕੋਰਟ ਨੇ ਪੁੱਛਿਆ ਕਿ ਦਲੇਰ ਕਦੋਂ ਤੋਂ ਜੇਲ੍ਹ ਵਿੱਚ ਹੈ ਤਾਂ ਉਸ ਦੇ ਵਕੀਲ ਨੇ ਕਿਹਾ ਕਿ ਅਜੇ ਥੋੜ੍ਹਾ ਸਮਾਂ ਹੋਇਆ ਹੈ। ਇਸ ਪਿੱਛੋਂਹਾਈ ਕੋਰਟ ਨੇ ਰਾਜ ਸਰਕਾਰ ਨੂੰ ਨੋਟਿਸ



ਜਾਰੀ ਕਰਕੇ ਜਵਾਬ ਮੰਗਿਆ ਤੇ ਸੁਣਵਾਈ 15 ਸਤੰਬਰ ਤੱਕ ਟਾਲ ਦਿੱਤੀ ਹੈ। ਦਲੇਰ ਮਹਿੰਦੀ ਨੇ ਹਾਈ ਕੋਰਟ ਤੋਂ ਸਜ਼ਾ ਰੱਦ ਕਰਨ ਦੀ ਮੰਗ ਕੀਤੀ ਹੈ। ਇਸ ਸਮੇਂ ਉਹ ਪਟਿਆਲਾ ਕੇਂਦਰੀ ਜੇਲ੍ਹ ਵਿੱਚ ਰੋਡਰੇਜ ਕੇਸਦੀ ਇੱਕ ਸਾਲ ਦੀ ਸਜ਼ਾ ਕੱਟ ਰਹੇ ਸਾਬਕਾ ਕ੍ਰਿਕਟਰ ਤੇ ਕਾਂਗਰਸੀ ਆਗੂ ਨਵਜੋਤ ਸਿੱਧੂਵਾਲੀ ਬੈਰਕ ਵਿੱਚ ਬੰਦ ਹੈ।

ਕਿਹਾ ਜਾਂਦਾ ਹੈ ਕਿ ਦਲੇਰ ਮਹਿੰਦੀ ਪਹਿਲਾਂ ਜਦੋਂ ਸ਼ੋਅ ਕਰਨ ਵਿਦੇਸ਼ ਜਾਂਦਾ ਸੀ ਤਾਂ ਦੋਸ਼ ਹੈ ਕਿਉਸ ਦੀ ਟੀਮ ਵਿੱਚ 10 ਲੋਕਾਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਚਲੇ ਜਾਂਦੇ ਸਨ, ਜਿਸ ਕਾਰਨ ਸਾਲ 2003 ਵਿੱਚ ਦਲੇਰ ਅਤੇ ਉਸ ਦੇ ਭਰਾ ਸ਼ਮਸ਼ੇਰ ਸਿੰਘ ਉੱਤੇਮਨੁੱਖੀ ਤਸਕਰੀ ਕਰਨ ਦਾ ਕੇਸ ਦਰਜ ਹੋਇਆ ਸੀ। ਇਸ ਕੇਸ ਵਿੱਚ 2018 ਵਿੱਚ ਪਟਿਆਲਾ ਦੀ ਹੇਠਲੀ ਅਦਾਲਤ ਨੇ ਉਸ ਨੂੰ 2 ਸਾਲ ਸਜ਼ਾ ਸੁਣਾਈ ਤਾਂ ਦਲੇਰ ਨੇ ਪਟਿਆਲਾ ਸੈਸ਼ਨ ਕੋਰਟਨੂੰ ਅਪੀਲ ਕੀਤੀ ਸੀ।ਬੀਤੇ ਹਫਤੇ ਸੈਸ਼ਨ ਕੋਰਟ ਨੇ ਹੇਠਲੀ ਅਦਾਲਤ ਦਾ ਫੈਸਲਾ ਕਾਇਮ ਰੱਖਿਆ ਤਾਂ ਦਲੇਰ ਨੂੰ ਗ੍ਰਿਫਤਾਰ ਕਰਕੇ ਸਜ਼ਾ ਭੁਗਤਣ ਲਈ ਪਟਿਆਲਾ ਜੇਲ੍ਹ ਭੇਜ ਦਿੱਤਾ ਗਿਆ ਸੀ, ਜਿੱਥੇ ਉਸ ਨੂੰ ਜੇਲ੍ਹ ਮੁਨਸ਼ੀ ਦਾ ਕੰਮ ਮਿਲਿਆ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9



ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011



ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਜ਼ੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
CANADIAN GLASS AND WINDOW
Email: tochisangha1@hotmail.com



UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਰਾਨਿਲ ਵਿਕਰਮਾਸਿੰਘੇ ਸ੍ਰੀਲੰਕਾ ਦੇ ਨਵੇਂ ਰਾਸ਼ਟਰਪਤੀ ਚੁਣੇ ਗਏ

## * ਪਾਰਲੀਮੈਂਟ ਦੇ 225 ਵਿੱਚੋਂ 134 ਮੈਂਬਰਾਂ ਵੱਲੋਂ ਹਮਾਇਤ



ਕੋਲੰਬੋ, 20 ਜੁਲਾਈ, (ਪੋਸਟ ਬਿਊਰੋ)- ਸ੍ਰੀਲੰਕਾ ਦੇ ਮੌਜੂਦਾ ਸੰਕਟ ਦੌਰਾਨ ਚਾਰ ਵਾਰੀਆਂ ਦੇ ਸਾਬਕਾ ਪ੍ਰਧਾਨ ਮੰਤਰੀ ਰਾਨਿਲ ਵਿਕਰਮਸਿੰਘੇ ਨੂੰ ਅੱਜ ਦੇਸ਼ ਦੇ ਰਾਸ਼ਟਰਪਤੀ ਚੁਣ ਲਿਆ ਗਿਆ ਹੈ। ਪੋਸਟਲ ਬੈਲਟ ਰਾਹੀਂ ਹੋਈ ਵੋਟਿੰਗ ਵਿੱਚ ਦੇਸ਼ ਦੀ ਪਾਰਲੀਮੈਂਟ ਦੇ ਕੁੱਲ 225 ਵਿੱਚੋਂ 134ਮੈਂਬਰਾਂ ਨੇ ਉਨ੍ਹਾਂ ਨੂੰ ਵੋਟ ਪਾਈ। ਰਾਨਿਲ ਵਿਕਰਮਸਿੰਘੇ ਅਜੇ ਦੇਸ਼ ਦੇ ਕਾਰਜਕਾਰੀ ਰਾਸ਼ਟਰਪਤੀ ਹੋਣਗੇ।ਉਨ੍ਹਾਂ ਨਾਲ ਮੁਕਾਬਲੇ ਵਿੱਚ ਖੜੇ ਐੱਸ ਐੱਲ ਪੀ ਪੀ ਪਾਰਟੀ ਦੇ ਉਮੀਦਵਾਰ ਦੁੱਲਾਸ ਅਲਹਾਪੇਰੁਮਾ ਨੂੰ 82 ਵੋਟਾਂ ਅਤੇ ਜੇ ਵੀ ਪੀ ਪਾਰਟੀ ਵੱਲੋਂ ਉਮੀਦਵਾਰ ਅਨੁਰਾ ਕੁਮਾਰਾ ਦਿਸਾਨ-ਾਇਕ ਦੇ ਪੱਖ ਵਿੱਚਮਸਾਂ 3 ਪਾਰਲੀਮੈਂਟ ਮੈਂਬਰਾਂ ਨੇ ਵੋਟ ਪਾਈ ਸੀ।

ਖਬਰ ਏਜੰਸੀਦੇ ਮੁਤਾਬਕ ਰਾਸ਼ਟਰਪਤੀ ਚੋਣਜਿੱਤਣ ਪਿੱਛੋਂ ਰਾਨਿਲ ਵਿਕਰਮਸਿੰਘੇ ਨੇ ਕਿਹਾ ਕਿ ਸਾਡਾ ਦੇਸ਼ ਕਾਫੀ ਮੁਸੀਬਤ ਵਿੱਚ ਹੈ ਤੇ ਵੱਡੀ ਚੁਣੌਤੀ ਹੈ।ਵਰਨਣ ਯੋਗ ਹੈ ਕਿ ਸ੍ਰੀਲੰਕਾ ਵਿੱਚ ਸਭ ਤੋਂ ਭੈੜੇ ਆਰਥਿਕ ਸੰਕਟ ਨਾਲ ਨਜਿੱਠਣ ਵਿੱਚ ਸਰਕਾਰ ਦੀ ਅਸਫਲਤਾ ਕਾਰਨ ਲੋਕ ਸੜਕਾਂ ਉੱਤੇਆ ਗਏ ਸਨ ਤੇ ਅਰਾਜਕਤਾ ਭਰਪੂਰ ਮਾਹੌਲਵਿੱਚ ਗੋਟਾਬਾਯਾ ਰਾਜਪਕਸ਼ੇ ਨੇ ਰਾਸ਼ਟਰਪਤੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਦੇਸ਼ ਤੋਂ ਦੌੜ ਗਏ ਸਨ।

ਸੁਰੱਖਿਆ ਪ੍ਰਬੰਧਾਂਹੇਠਅੱਜ ਗੁਪਤ ਵੋਟਿੰਗ ਨਾਲ ਰਾਸ਼ਟਰਪਤੀ ਚੋਣ ਕਰਵਾਈ ਗਈ।ਰਾਨਿਲ ਵਿਕਰਮਸਿੰਘੇ ਦਾ ਮੁਕਾਬਲਾ ਹਾਕਮ ਧਿਰ ਸ੍ਰੀਲੰਕਾ ਪੋਦੁਜਾਨਾ ਪੇਰਾਮੁਨਾ (ਐੱਸ ਐੱਲ ਪੀ ਪੀ) ਪਾਰਟੀ ਦੇ ਦੁੱਲਾਸ ਅਲਹਾ-ਪੇਰੁਮਾ ਅਤੇ ਜਨਤਾ ਵਿਮੁਕਤੀ ਪੈਰਾਮੁਨਾ ਦੇ ਅਨੁਰਾ ਕੁਮਾਰਾ ਦਿਸਾਨਾਇਕ ਨਾਲਸੀ। ਸ੍ਰੀਲੰਕਾ ਵਿੱਚ 1978 ਤੋਂ ਪਿੱਛੋਂ ਪਹਿਲੀ ਵਾਰ ਰਾਸ਼ਟਰਪਤੀ ਚੋਣ ਪਾਰਲੀਮੈਂਟ ਮੈਂਬਰਾਂਦੇ ਗੁਪਤ ਵੋਟਨਾਲਹੋਈ ਹੈ। ਇਸ ਤੋਂ ਪਹਿਲਾਂ 1993 ਵਿੱਚਰਾਸ਼ਟਰਪਤੀ ਰਣਸਿੰਘੇ ਪ੍ਰੇਮਦਾਸਾ ਦੀ ਹੱਤਿਆ ਕਾਰਨ ਅੱਧ ਵਿਚਾਲੇ ਖਾਲੀ ਹੋਏ ਅਹੁਦੇ ਲਈ ਪਾਰਲੀਮੈਂਟਨੇ ਡੀਬੀ ਵਿਜੇਤੁੰਗਾ ਨੂੰ ਸਰਬਸੰਮਤੀ ਨਾਲ ਪ੍ਰੇਮਦਾਸਾ ਦਾ ਬਾਕੀ ਬਚਦਾ ਕਾਰਜਕ-ਾਰਲ ਪੂਰਾ ਕਰਨ ਦੀ ਜ਼ਿਮੇਵਾਰੀ ਸੌਂਪ ਦਿੱਤੀ ਸੀ।

# ਗਾਇਕ ਤੇ ਗੀਤਕਾਰ ਜਾਨੀ ਦੀ ਕਾਰ ਪਲਟੀ


ਐਸ ਏ ਐਸ ਨਗਰ, 20 ਜੁਲਾਈ (ਪੋਸਟ ਬਿਊਰੋ)- ਪੰਜਾਬੀ ਗਾਇਕ ਅਤੇ ਗੀਤਕਾਰ ਜਾਨੀ ਜੌਹਾਨ ਅਤੇ ਉਸ ਦੇ ਦੋ ਦੋਸਤ ਕੱਲ੍ਹ ਸ਼ਾਮ ਸੈਕਟਰ 88 ਵਿੱਚ ਇੱਕ ਫਾਰਚੂਨਰ ਕਾਰ ਦੇ ਪਲਟ ਜਾਣ ਕਾਰਨ ਜ਼ਖਮੀ ਹੋ ਗਏ।

ਦੱਸਿਆ ਗਿਆ ਹੈ ਕਿ ਫਾਰਚੂਨਰ ਦੀ ਰਫਤਾਰ ਬਹੁਤ ਤੇਜ਼ ਸੀ, ਜੋ ਸੜਕ ਉੱਤੇ ਤਿੰਨ ਪਲਟੀਆਂ ਖਾ ਕੇ ਪੁੱਠੀ ਹੋ ਜਾਣ ਕਾਰਨ ਬੁਰੀ ਤਰ੍ਹਾਂ ਨੁਕਸਾਨੀ ਗਈ। ਹਾਦਸੇ ਦੌਰਾਨ ਜਾਨੀ ਅਤੇ ਉਸ ਦੇ ਦੋਸਤਾਂ ਨੂੰ ਮਾਮੂਲੀ ਸੱਟਾਂ ਲੱਗੀਆਂ। ਪਤਾ ਲੱਗਾ ਹੈ ਕਿ ਜਾਨੀ ਆਪਣੇ ਦੋਸਤ ਨਾਲ ਪਿੱਛੇ ਬੈਠਾ ਸੀ ਅਤੇ ਫਾਰਚੂਨਰ ਕਾਰ ਨੂੰ ਉਸ ਦਾ ਡਰਾਈਵਰ ਚਲਾ ਰਿਹਾ ਸੀ।ਐਸ ਐਚ ਓ ਸੋਹਾਣਾ ਨੇ ਦੱਸਿਆ ਕਿ ਹਾਦਸਾ ਕੱਲ੍ਹ ਸ਼ਾਮ ਕਰੀਬ ਛੇ ਵਜੇ ਵਾਪਰਿਆ, ਜਦੋਂ ਤਿੰਨੇ ਸੈਕਟਰ 91 ਵੱਲ ਜਾ ਰਹੇ ਸਨ। ਜਦੋਂ ਉਹ ਸੈਕਟਰ 88 ਦੇ ਲਾਈਟ ਪੁਆਇੰਟ ਉੱਤੇ ਪਹੁੰਚੇ ਤਾਂ ਇੱਕ ਕਾਰ ਨੇ ਉਨ੍ਹਾਂ ਦੀ ਗੱਡੀ ਨੂੰ ਪਿੱਛਿਓਂ ਟੱਕਰ ਮਾਰ ਦਿੱਤੀ ਤੇ ਉਨ੍ਹਾਂ ਦੀ ਗੱਡੀ ਸੜਕ ਕਿਨਾਰੇ ਤਿੰਨ ਪਲਟੀਆਂ ਖਾ ਗਈ। ਫਾਰਚੂਨਰ ਦਾ ਏਅਰਬੈਗ ਖੁੱਲ੍ਹ ਜਾਣ ਕਰਕੇ ਜ਼ਿਆਦਾ ਸੱਟਾਂ ਤੋਂ ਬਚਾਅ ਹੋ ਗਿਆ। ਉਨ੍ਹਾਂ ਨੂੰ ਰਾਹਗੀਰਾਂ ਨੇ ਬਾਹਰ ਕੱਢਿਆ, ਜਿਨ੍ਹਾਂ ਨੂੰ ਇਲਾਜ ਲਈ ਫੋਰਟਿਸ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।ਡਾਕਟਰੀ ਜਾਂਚ ਵਿੱਚਪਤਾ ਲੱਗਾ ਕਿ ਗਾਇਕ ਜਾਨੀ ਦੀ ਗਰਦਨ ਅਤੇ ਪਿੱਠ ਉੱਤੇ ਸੱਟਾਂ ਹਨ, ਬਾਕੀ ਦੋ ਨੂੰ ਵੀ ਸੱਟਾਂ ਲੱਗੀਆਂ ਹਨ, ਜਿਨ੍ਹਾਂ ਵਿੱਚੋਂ ਇੱਕ ਦੀ ਰੀੜ੍ਹ ਦੀ ਹੱਡੀ ਉੱਤੇ ਸੱਟ ਲੱਗੀ ਹੈ। ਦੂਜੀ ਕਾਰ ਦਾ ਡਰਾਈਵਰ ਵਾਲ-ਵਾਲ ਬਚ ਗਿਆ। ਉਸ ਦੀ ਕਾਰ ਦਾ ਏਅਰਬੈਗ ਵੀ ਖੁੱਲ੍ਹ ਗਿਆ ਸੀ। ਐਸ ਐਚ ਓ ਨੇ ਦੱਸਿਆ ਕਿ ਉਨ੍ਹਾਂ ਕੋਲ ਅਜੇ ਤਕ ਕੋਈ ਸ਼ਿਕਾਇਤ ਨਹੀਂ ਆਈ।

# ਸਿਆਸੀ ਆਗੂਆਂ ਵਿਰੁੱਧ ਕੇਸਾਂ ਦੀ ਜਾਂਚ ਵਿੱਚ ਦੇਰੀ ਤੋਂ ਹਾਈ ਕੋਰਟ ਵੱਲੋਂ ਦੋਂਹ ਰਾਜਾਂ ਨੂੰ ਚਿਤਾਵਨੀ

ਚੰਡੀਗੜ੍ਹ, 20 ਜੁਲਾਈ, (ਪੋਸਟ ਬਿਊਰੋ)- ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਅਤੇ ਹਰਿਆਣਾ ਸਰਕਾਰਾਂ ਵਲੋਂ ਪੇਸ਼ ਕੀਤੀ ਸਟੇਟਸ ਰਿਪੋਰਟ ਨੂੰ ਵੇਖਦੇ ਹੋਏ ਪਾਰਲੀਮੈਂਟ ਮੈਂਬਰਾਂ, ਵਿਧਾਇਕਾਂ ਤੇ ਹੋਰ ਸਿਆਸੀ ਹਸਤੀਆਂ ਵਿਰੁੱਧਚੱਲ ਰਹੇ ਅਪਰਾਧਿਕ ਕੇਸਾਂ ਦੀ ਜਾਂਚ ਅਤੇ ਸੁਣਵਾਈ ਵਿੱਚ ਦੇਰੀ ਉੱਤੇ ਦੋਵੇਂ ਰਾਜਾਂ ਨੂੰ ਫਿਟਕਾਰ ਲਾ ਕੇ ਸਖ਼ਤੀ ਨਾਲ ਕਿਹਾ ਹੈ ਕਿ ਅਦਾਲਤ ਨੂੰ ਸਬੰਧਤ ਅਧਿਕਾਰੀਆਂ ਉੱਤੇ ਸਖਤੀਕਰਨ ਲਈ ਮਜਬੂਰ ਨਾ ਕਰੋ।

ਜਸਟਿਸ ਏ ਜੀ ਮਸੀਹਨੇ ਕਿਹਾ ਕਿ ਅਦਾਲਤ ਵਿੱਚਆਈ ਸਟੇਟਸ ਰਿਪੋਰਟ ਨੂੰ ਦੇਖ ਕੇ ਜਾਪਦਾ ਹੈ ਕਿ ਪੁਲਸ ਅਤੇ ਜਾਂਚ ਏਜੰਸੀਆਂ ਦੋਸ਼ੀ ਸਿਆਸੀ ਆਗੂਆਂ ਨੂੰ ਸ਼ਹਿ ਦੇ ਰਹੀਆਂ ਹਨ।ਉਨ੍ਹਾਂ ਨੇ ਹੁਕਮਾਂ ਵਿੱਚ ਕਿਹਾ ਕਿ ਜਾਂਚ ਏਜੰਸੀ ਨੇਬਹੁਤੇ ਕੇਸਾਂ ਵਿੱਚਉਨ੍ਹਾਂਵਿਰੁੱਧ ਪੇਸ਼ ਕੀਤੇ ਗਏ ਬਿਨਾਂ ਚਲਾਣ ਪੇਸ਼ ਕੀਤੇ ਹਨ, ਪਰ ਜਾਂਚ ਏਜੰਸੀ ਨੇ ਅਦਾਲਤ ਵਿੱਚ ਉਨ੍ਹਾਂ ਨੂੰ ਪੇਸ਼ ਕਰਨ ਲਈ ਕੋਈ ਪਹੁੰਚ ਨਹੀਂ ਕੀਤੀ, ਜੋ ਜਾਂਚ ਏਜੰਸੀਆਂਉੱਤੇ ਸਵਾਲ ਖੜੇ ਕਰਦਾ ਹੈ। ਪੰਜਾਬ ਸਰਕਾਰ ਦੇ ਐਆਈਜੀਲਿਟੀਗੇਸ਼ਨ ਨੇਅਦਾਲਤ ਨੂੰ ਪੇਸ਼ ਕੀਤੀ ਸਟੇਟਸ ਰਿਪੋਰਟ ਵਿੱਚਦ-ੱਸਿਆ ਕਿ ਪਾਰਲੀਮੈਂਟ ਮੈਂਬਰਾਂ ਤੇ ਵਿਧਾਇਕਾਂ ਵਿਰੁੱਧ 48 ਕੇਸ ਦੀ ਜਾਂਚ ਚੱਲਦੀ ਹੈ। ਪੰਜਾਬ ਸਰਕਾਰ ਵੱਲੋਂ ਪੇਸ਼ ਕੀਤੀ ਸਟੇਟਸ ਰਿਪੋਰਟ ਉੱਤੇ ਕੋਰਟ ਮਿੱਤਰ (ਐਮੀਕਸ ਕਿਊਰੀ) ਨੇ ਕਿਹਾ ਕਿ ਜਿਨ੍ਹਾਂ 48 ਕੇਸਾਂ ਦੀ ਗੱਲ ਸਟੇਟਸ ਰਿਪੋਰਟ ਲਿਖੀ ਹੈ, ਉਹ ਸਾਲ 2022 ਵਿੱਚ ਦਰਜ ਹੋਏ ਹਨ, ਪੁਰਾਣੇ ਕੇਸਾਂ ਦੀ ਜਾਂਚ ਅਤੇ ਚਲਾਨ ਦਾ ਜ਼ਿਕਰ ਨਹੀਂ ਹੈ। ਚੰਡੀਗੜ੍ਹ ਪ੍ਰਸ਼ਾਸਨ ਦੀ ਸਟੇਟਸ ਰਿਪੋਰਟ ਵਿੱਚਦੱਸਿਆ ਗਿਆ ਕਿ ਉਥੇ




ਬਹੁਤੇ ਕੇਸਾਂ ਦੀ ਜਾਂਚ ਪੂਰੀਹੋ ਚੁੱਕੀ ਹੈ ਅਤੇ 3 ਤੋਂ 4 ਹਫ਼ਤਿਆਂ ਵਿੱਚ ਚਲਾਣ ਅਦਾਲਤ ਨੂੰ ਪੇਸ਼ ਕਰ ਦਿੱਤੇ ਜਾਣਗੇ। 19 ਜੁਲਾਈ ਨੂੰ ਦਰਜ ਹੋਏਕੇਸ ਵਿੱਚਮੁੱਖ ਮੰਤਰੀ ਘਰ ਦੇ ਸੀਸੀਟੀਵੀ ਫੁਟੇਜ ਮੰਗੀ ਹੈ, ਜੋ ਛੇਤੀ ਮਿਲ ਗਈ ਤਾਂ 4 ਹਫਤਿਆਂ ਵਿੱਚ ਚਲਾਨ ਪੇਸ਼ ਹੋ ਜਾਵੇਗਾ। ਅਦਾਲਤ ਨੇ ਹੁਕਮ ਦਿੱਤਾ ਕਿ ਚੰਡੀਗੜ੍ਹ ਪੁਲਸ 4 ਹਫ਼ਤਿਆਂ ਵਿੱਚ ਐਫੀਡੇਵਿਟ ਸਮੇਤ ਸਾਰੇ ਪੈਂਡਿੰਗ ਕੇਸਾਂ ਦੀ ਸਟੇਟਸ ਰਿਪੋਰਟ ਪੇਸ਼ ਕਰੇ। ਹਰਿਆਣਾ ਵੱਲੋਂ ਆਈਜੀ ਪੁਲਸ(ਕ੍ਰਾਈਮ ਬ੍ਰਾਂਚ) ਡਾ. ਰਾਜਸ੍ਰੀ ਸਿੰਘ ਵੱਲੋਂ ਪੇਸ਼ ਰਿਪੋਰਟ ਉੱਤੇ ਅਦਾਲਤ ਨੇ ਸਖਤੀ ਨਾਲ ਕਿਹਾ ਕਿ ਹਰਿਆਣਾ ਹਰ ਵਾਰ ਵਾਂਗ ਫਿਰ ਇਹੋ ਕਹਿੰਦਾ ਹੈ ਕਿ ਜਾਂਚ ਚੱਲ ਰਹੀ ਹੈ, ਇਹ ਰਾਜ 2005 ਤੋਂ ਦਰਜ ਹੋਏ ਕੇਸਾਂ ਤੋਂ ਇਹੋ ਰਾਗ ਅਲਾਪ ਰਿਹਾ ਹੈ। ਅਦਾਲਤ ਨੇ ਰਾਜ ਸਰਕਾਰ ਦੇ ਵਕੀਲ ਨੂੰ ਪੁੱਛਿਆ ਕਿ ਕੀ ਅਦਾਲਤ ਨੇ ਪੜਤਾਲ ਉੱਤੇ ਜਾਂ ਚਲਾਨ ਪੇਸ਼ ਕਰਨ ਦਾ ਸਟੇਅ ਲਾਇਆ ਹੈ? ਇਸ ਉੱਤੇ ਸਰਕਾਰੀ ਵਕੀਲ ਚੁੱਪ ਰਿਹਾ। ਅਦਾਲਤ ਨੇ ਕਿਹਾ ਕਿ ਲੱਗਦਾ ਹੈ ਕਿ ਹਰਿਆਣਾ ਦੀਆਂ ਜਾਂਚ ਏਜੰਸੀਆਂ ਦੋਸ਼ੀਆਂ ਨੂੰ ਪਨਾਹ ਦੇਂਦੀਆਂ ਹਨ ਤੇ ਨਹੀਂ ਚਾਹੁੰਦੀਆਂ ਕਿ ਜਾਂਚ ਕਿਸੇ ਸਿੱਟੇ ਉੱਤੇ ਪਹੁੰਚੇ।ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇੱਕ ਹੋਰ ਕੇਸ ਬਾਰੇ ਅਦਾਲਤ ਨੇ ਕਿਹਾ ਕਿ ਜਾਂਚ ਏਜੰਸੀ ਨੇ ਦੋਸ਼ੀ ਦੀ ਆਵਾਜ਼ ਦੇ ਸੈਂਪਲ ਨਹੀਂ ਲਏ ਜਾਂ ਦੋਸ਼ੀ ਨੇ ਨਹੀਂ ਦਿੱਤੇ, ਇਹ ਕੀ ਹੈ? ਸਰਕਾਰੀ ਵਕੀਲ ਨੇ ਇਸ ਦਾ ਵੀ ਜਵਾਬ ਨਹੀਂ ਦਿੱਤਾ ਅਤੇ ਸਾਰੀ ਜਾਣਕਾਰੀ ਇੱਕੋਠੀ ਕਰਨ ਅਤੇ ਨਵੀਂ ਸਟੇਟਸ ਰਿਪੋਰਟ ਬਣਾਉਣ ਲਈ ਸਮਾਂ ਮੰਗ ਕੇ ਸੁਣਵਾਈ ਮੁਲਤਵੀ ਕਰਨ ਲਈ ਕਿਹਾ। ਇਸ ਕੇਸ ਦੀ ਅਗਲੀ ਸੁਣਵਾਈ 7 ਸਤੰਬਰ ਨੂੰ ਹੋਵੇਗੀ।

# ਲੁਧਿਆਣਾ ਜੇਲ੍ਹ ਵਿੱਚ ਬੈਂਸ ਨੂੰ ਖ਼ਤਰੇ ਕਾਰਨ ਬਰਨਾਲੇ ਦੀ ਜੇਲ੍ਹ ਵਿੱਚ ਭੇਜਿਆ

## * ਭਰਾ ਨੇ ਕਿਹਾ: ਬੈਂਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ

ਲੁਧਿਆਣਾ, 20 ਜੁਲਾਈ, (ਪੋਸਟ ਬਿਊਰੋ)- ਇਸ ਸ਼ਹਿਰ ਦੀ ਕੇਂਦਰੀ ਜੇਲ੍ਹ ਅਸੁਰੱਖਿਅਤ ਮੰਨ ਕੇ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਏਥੋਂ ਬਰਨਾਲਾ ਭੇਜ ਦਿੱਤਾ ਗਿਆ ਹੈ।ਸੂਤਰਾਂ ਮੁਤਾਬਕ ਉਸ ਨੂੰ ਲੁਧਿਆਣਾ ਦੀ ਜੇਲ੍ਹ ਵਿੱਚ ਖ਼ਤਰੇ ਕਾਰਨ ਪ੍ਰਸ਼ਾਸਨ ਨੇ ਉਸ ਨੂੰ 14 ਦਿਨਾਂ ਲਈ ਬਰਨਾਲਾ ਜੇਲ੍ਹ ਵਿੱਚਭੇਜਿਆ ਹੈ।

ਵਰਨਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਲੁਧਿਆਣਾ ਜੇਲ੍ਹਅੰਦਰ ਕੁਝ ਲੋਕਾਂ ਨੇ ਮੂਸੇਵਾਲਾ ਕਤਲ ਕਾਂਡ ਦੇ ਦੋਸ਼ੀ ਸਤਬੀਰ ਸਿੰਘ ਦੀ ਕੁੱਟਮਾਰ ਕੀਤੀ ਸੀ, ਜਿਸ ਪਿੱਛੋਂ ਪੁਲਸਨੇ ਮੂਸੇਵਾਲਾਕੇਸ ਦੇ ਸਾਰੇ ਦੋਸ਼ੀ ਗੋਇੰਦਵਾਲ ਜੇਲ੍ਹ ਵਿੱਚ ਭੇਜ ਦਿੱਤੇ ਸਨ।ਬੀਤੇ 2 ਦਿਨਾਂ ਤੋਂ ਇਸ ਜੇਲ੍ਹ ਵਿਚਲੇ ਹਵਾਲਾਤੀਆਂ ਵਿਚਾਲੇ ਲਗਾਤਾਰ ਲੜਾਈ ਹੋ ਰਹੀ ਹੈ।ਕੱਲ੍ਹ ਦੇਰ ਰਾਤ ਵੀ 2 ਲੁਟੇਰਿਆਂ ਨੇ ਇੱਕ ਦੂਸਰੇ ਉੱਤੇ ਤੇਜ਼ਧਾਰ ਚੀਜ਼ ਨਾਲ ਹਮਲਾ ਕੀਤਾ ਸੀ।

ਲੁਧਿਆਣਾ ਦੀ ਜੁਡੀਸ਼ੀਅਲ ਜੱਜ ਹਰਸਿਮਰਨਜੀਤ ਕੌਰ ਦੀ ਅਦਾਲਤ ਨੇ ਬਲਾਤਕਾਰ ਕੇਸ ਦੀ ਸੁਣਵਾਈਦੌਰਾਨ ਹਾਜ਼ਰ ਨਾ ਹੋਣ ਕਾਰਨ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਸਣੇ 6 ਹੋਰ ਜਣਿਆਂ ਨੂੰ ਭਗੌੜਾ ਕਰਾਰ ਦਿੱਤਾ ਅਤੇ ਥਾਣਾ ਡਵੀਜ਼ਨ ਨੰਬਰ 6 ਦੀ ਪੁਲਸ ਨੇ ਅਦਾਲਤ ਵਿੱਚ ਪੇਸ਼ ਨਾ ਹੋਣਕਾਰਨ ਉਨ੍ਹਾਂ ਉੱਤੇ ਕੇਸ ਦਰਜ ਕੀਤਾ ਸੀ।ਬੀਤੀ 11 ਜੁਲਾਈ ਨੂੰ ਬੈਂਸ ਨੇ ਆਪਣੇ 4 ਸਾਥੀਆਂ ਸਮੇਤ ਅਦਾਲਤ ਵਿੱਚ ਆਤਮ-ਸਮਰਪਣ ਕਰ ਦਿੱਤਾ ਸੀ।ਉਸ ਦੇ 2 ਸਾਥੀ ਦੋਸ਼ੀ ਪਹਿਲਾਂ ਪੁਲਸ ਨੇ ਫੜ ਲਏ ਸਨ।ਮਿਤੀ 10 ਜੁਲਾਈ 2021 ਨੂੰ ਥਾਣਾ ਡਵੀਜ਼ਨ ਨੰਬਰ 6 ਵਿੱਚਸਿਮਰਜੀਤ ਸਿੰਘ ਬੈਂਸ ਅਤੇ ਉਸ ਦੇ ਸਾਥੀਆਂ ਉੱਤੇ ਕੇਸ ਦਰਜ ਹੋਇਆ ਸੀ। ਪੀੜਤ ਔਰਤ ਨੇ ਸਾਬਕਾ ਵਿਧਾਇਕ ਬੈਂਸ ਉੱਤੇ ਉਸ ਨਾਲ ਬਲਾਤਕਾਰ ਕਰਨ ਦਾ ਦੋਸ਼ ਲਾਇਆ ਹੋਣ ਕਾਰਨ ਇਹ ਕੇਸ ਦਰਜ ਕੀਤਾ ਗਿਆ ਸੀ।



ਸਿਮਰਜੀਤ ਸਿੰਘ ਬੈਂਸ ਦੇ ਭਰਾ ਅਤੇ ਸਾਬਕਾ ਵਿਧਾਇਕ ਬਲਵਿੰਦਰ ਸਿੰਘ ਬੈਂਸਨੇ ਅੱਜ ਪ੍ਰੈੱਸ ਸਾਹਮਣੇ ਦੋਸ਼ ਲਾਇਆ ਕਿ ਪਹਿਲਾਂ 2 ਵਾਰ ਸਿਮਰਜੀਤ ਸਿੰਘ ਬੈਂਸ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਸੀਅਤੇ ਕੱਲ੍ਹ ਰਾਤ 10 ਵਜੇ ਉਨ੍ਹਾਂ ਦੇ ਫੇਸਬੁੱਕ ਪੇਜ ਉੱਤੇ ਕਿਸੇ ਜਸਪਾਲ ਨਾਂ ਦੇ ਵਿਅਕਤੀਨੇ ਫਿਰ ਪੋਸਟ ਪਾ ਕੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ।ਉਸ ਨੇ ਲਿਖਿਆ ਹੈ ਕਿ ਕਰੋੜਾਂ ਰੁਪਏ ਵਕੀਲਾਂ ਨੂੰ ਦੇਣ ਦੀ ਥਾਂ ਸਾਡੀ ਪੈਸੇ ਦੀ ਮੰਗ ਪੂਰੀ ਕਰੋ, ਤੁਸੀਂ ਸਾਡੀ ਰੇਂਜ ਵਿੱਚ ਆ ਚੁੱਕੇ ਹੋ, ਜਿੱਥੇ ਤੁਹਾਨੂੰ ਖਤਮ ਕਰਨਾ ਸਾਡੇ ਲਈ ਸੌਖਾਹੈ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਨੂੰ ਵੀ ਪਹਿਲਾਂ ਏਦਾਂ ਹੀ ਧਮਕੀਆਂ ਮਿਲੀਆਂ ਸਨ।ਬਲਵਿੰਦਰ ਸਿੰਘ ਬੈਂਸ ਨੇ ਕਿਹਾ ਕਿ ਜੇ ਉਨ੍ਹਾਂ ਦੇ ਭਰਾ ਸਿਮਰਜੀਤ ਸਿੰਘ ਦਾ ਕੋਈ ਨੁਕਸਾਨ ਹੋਇਆ ਤਾਂ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ।ਉਨ੍ਹਾਂ ਕਿਹਾ ਕਿ ਜਦੋਂ ਏਦਾਂ ਦੀਆਂ ਧਮਕੀਆਂਪਹਿਲਾਂ ਮਿਲੀਆਂ ਤਾਂ ਉਨ੍ਹਾਂ ਨੇ ਲਿਖਤੀ ਸ਼ਿਕਾਇਤ ਡੀ ਜੀ ਪੀ ਨੂੰ ਦਿੱਤੀ ਸੀ, ਪਰ ਕੋਈ ਜਾਂਚ ਨਹੀਂ ਕੀਤੀ ਗਈ।












# ਰੈੱਡ ਵਿੱਲੋ ਸੀਨੀਅਰਜ਼ ਕਲੱਬ ਦੇ ਮੈਂਬਰਾਂ ਨੇ ਲਾਇਆ ਸੈਂਟਰ ਆਈਲੈਂਡ ਦਾ ਟੂਰ






ਬਰੈਂਪਟਨ, (ਡਾ. ਝੰਡ) - ਰੈੱਡ ਵਿੱਲੋ ਸੀਨੀਅਰਜ਼ ਕਲੱਬ ਦੇ ਮੈਂਬਰਾਂ ਵੱਲੋਂ ਲੰਘੇ ਐਤਵਾਰ 17 ਜੁਲਾਈ ਨੂੰ ਸੈਂਟਰ ਆਈਲੈਂਡ ਦਾ ਟੂਰ ਲਾਇਆ ਗਿਆ। ਕਲੱਬ ਦਾ ਗਰੁੱਪ ਕਾਫ਼ੀ ਵੱਡਾ ਹੋਣ ਕਰਕੇ ਸਾਰੇ ਗਰੁੱਪ ਦੇ ਮੈਂਬਰਾਂ ਦੀਆਂ ਬੀਬੀਆਂ ਤੇ ਮਰਦਾਂ ਦੀਆਂ ਵੱਖ-ਵੱਖ ਗਰੁੱਪ ਫ਼ੋਟੋਆਂ ਲਈਆਂ ਗਈਆਂ ਅਤੇ ਫਿਰ 10.00 ਵਜੇ ਸਾਰੇ ਮੈਂਬਰ ਤਿੰਨ ਸਕੂਲ ਬੱਸਾਂ ਵਿਚ ਸਵਾਰ ਹੋ ਕੇ ਗਿਆਰਾਂ ਵਜੇ ਦੇ ਕਰੀਬ ਟੋਰਾਂਟੋ ਡਾਊਨ ਟਾਊਨ ਫ਼ੈਰੀ ਸਟੇਸ਼ਨ ਦੇ ਸਾਹਮਣੇ ਪਹੁੰਚੇ। ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਤੇ ਰੈੱਡ ਵਿਲੋ ਸੀਨੀਅਰਜ਼ ਕਲੱਬ ਦੇ ਉਪ-ਪ੍ਰਧਾਨ ਅਮਰਜੀਤ ਸਿੰਘ ਨੇ ਫ਼ੈਰੀ ਦੀਆਂ ਟਿਕਟਾਂ ਲਈਆਂ ਅਤੇ ਸਾਰੇ ਮੈਂਬਰ ਫ਼ੈਰੀ ਵਿਚ ਬੈਠ ਕੇ ਸੈਂਟਰ ਆਈਲੈਂਡ ਦੇ ਮੁੱਖ ਪਾਰਕ ਵਿਚ ਪਹੁੰਚ ਗਏ। ਛੋਟੇ-ਛੋਟੇ ਗਰੁੱਪਾਂ ਵਿਚ ਏਧਰ ਓਧਰ ਘੁੰਮ ਫਿਰ ਕੇ ਉਨ੍ਹਾਂ ਨੇ ਸੈਂਟਰ ਆਈਲੈਂਡ ਦੀ ਸੁੰਦਰਤਾ ਦਾ ਅਨੰਦ ਮਾਣਿਆਂ।

ਇਨ੍ਹਾਂ ਦਿਨਾਂ ਵਿਚ ਸਾਊਥ ਏਸ਼ੀਅਨ ਭਾਈਚਾਰੇ ਦਾ ਧਾਰਮਿਕ ਸਮਾਗ਼ਮ 'ਹਰੇ ਰਾਮਾ ਹਰੇ ਕ੍ਰਿਸ਼ਨਾ' ਚੱਲ ਰਿਹਾ ਸੀ ਜਿੱਥੇ ਇਸ ਦੇ ਪ੍ਰਬੰਧਕਾਂ ਵੱਲੋਂ ਖਾਣੇ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ ਸੀ। ਦੁਪਹਿਰ ਦਾ ਭੋਜਨ ਉੱਥੇ ਹੀ ਛਕਿਆ ਗਿਆ ਅਤੇ ਕਈਆਂ ਨੇ ਇਸ ਪ੍ਰੋਗਰਾਮ ਵਿਚ ਚੱਲ ਰਹੇ ਧਾਰਮਿਕ ਗੀਤ-ਸੰਗੀਤ ਦਾ ਵੀ ਖ਼ੂਬ ਅਨੰਦ ਲਿਆ। ਫਿਰ ਬੀਬੀਆਂ ਨੇ ਆਪਣਾ ਵੱਖਰਾ ਪਿੜ ਬਣਾ ਲਿਆ ਅਤੇ ਸਾਵਣ ਮਹੀਨੇ ਨਾਲ ਜੁੜੀਆਂ ਬੋਲੀਆਂ ਪਾ ਕੇ ਖ਼ੂਬ ਗਿੱਧਾ ਪਾਇਆ। ਸ਼ਾਮ ਪੰਜ ਵਜੇ ਸਾਰੇ ਮੈਂਬਰ ਫ਼ੈਰੀ ਸਟੇਸ਼ਨ ਦੇ ਨਜ਼ਦੀਕ ਇਕੱਠੇ ਹੋ ਗਏ ਅਤੇ ਫ਼ੈਰੀ ਵਿਚ ਬੈਠ ਕੇ ਓਨਟਾਰੀਓ ਝੀਲ ਦੇ ਦੂਸਰੇ ਕਿਨਾਰੇ ਪਹੁੰਚੇ ਜਿੱਥੇ ਬੱਸਾਂ ਉਨ੍ਹਾਂ ਦੀ ਉਡੀਕ ਕਰ ਰਹੀਆਂ ਸਨ। ਸਾਢੇ ਪੰਜ ਵਜੇ ਬੱਸਾਂ ਵਿਚ ਸਵਾਰ ਹੋ ਕੇ ਲੱਗਭੱਗ ਸਾਢੇ ਛੇ ਰੈੱਡ ਵਿਲੋ ਪਾਰਕ ਪਹੁੰਚ ਕੇ ਘਰੋ-ਘਰੀਂ ਰਵਾਨਾ ਹੋਏ। ਇਸ ਤਰ੍ਹਾਂ ਕਲੱਬ ਦੇ ਮੈਂਬਰਾਂ ਲਈ ਇਸ ਸੀਜ਼ਨ ਦਾ ਇਹ ਦੂਸਰਾ ਟੂਰ ਵੀ ਯਾਦਗਾਰੀ ਬਣ ਗਿਆ।

# ਬਲੂ ਓਕ ਸੀਨੀਅਰਜ਼ ਕਲੱਬ ਨੇ ਕੈਨੇਡਾ ਡੇ ਮਨਾਇਆ



ਬਲੂ ਓਕ ਸੀਨੀਅਰਜ਼ ਕਲੱਬ ਵਲੋਂ ਕਨੇਡਾ ਡੇ ਮਿਤੀ 10 ਜੁਲਾਈ ਦਿਨ ਐਤਵਾਰ ਨੂੰ ਬਲੂ ਓਕ ਪਾਰਕ ਵਿੱਚ ਬੜੀ ਧੂਮ-ਧਾਮ ਨਾਮ ਮਨਾਇਆ ਗਿਆ। ਮਹਿੰਦਰ ਪਾਲ ਸ਼ਰਮਾ, ਜਰਨਲ ਸੈਕਟਰੀ ਨੇ ਸਮਾਗਮ ਦੀ ਸ਼ੁਰੂਆਤ ਕੀਤੀ ਅਤੇ ਸਾਰੇ ਆਏ ਵੀਰਾਂ ਨੂੰ ਕਨੇਡਾ ਡੇ ਦੀਆਂ ਵਧਾਈਆਂ ਦਿੱਤੀਆਂ, ਬਾਦ ਦੇ ਵਿੱਚ ਸਵਰਗਵਾਸ ਹੋਏ ਮੈਂਬਰਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਸਾਰੇ ਵੀਰਾਂ ਨੇ ਖੜੇ ਹੋਕੇ ਰਾਸ਼ਟੀ ਗੀਤ ਦਾ ਗਾਇਣ ਕੀਤਾ। ਗੁਰਦੇਵ ਸਿੰਘ ਰਖੜਾ ਅਤੇ ਰਿੰਪੀ ਵਲੋਂ ਸ਼ਾਨਦਾਰ ਕੀਵਤਾਵਾਂ ਪੜੀਆਂ ਗਈਆਂ ਅਤੇ ਸਾਰੇ ਵੀਰਾਂ ਨੂੰ ਨਿਹਾਲ ਕੀਤਾ ਗਿਆ। ਗੁਰਪ੍ਰੀਤ ਸਿੰਘ ਢਿਲੋਂ ਰਜਿ: ਕੌਂਸਲਰ ਅਤੇ ਹਰਕੀਰਤ ਸਿੰਘ ਕੌਂਸਲਰ ਨੇ ਕਨੇਡਾ ਡੇ ਤੇ ਸਭ ਨੂੰ ਵਧਾਈ ਦਿੱਤੀ। ਕਲੱਬ ਵਲੋਂ ਮ੍ਰਿਤਕ ਮੈਂਬਰਾਂ, ਹਰਭਗਵੰਤ ਸਿੰਘ ਸੋਹੀ, ਬਲਬੀਰ ਸਿੰਘ ਚੀਮਾ, ਜਗਰੂਪ ਸਿੰਘ ਸੱਪਲ ਅਤੇ ਜਗਜੀਤ ਸਿੰਘ ਮਾਨ ਦੇ ਪਰਿਵਾਰਾਂ ਨੂੰ ਪਲੈਕ ਦੇ ਕੇ ਸਨਮਾਨਿਤ ਕੀਤਾ ਗਿਆ। ਆਖਿਰ ਵਿੱਚ ਸੋਹਣ ਸਿੰਘ ਤੂਰ ਪ੍ਰਧਾਨ ਨੇ ਸਾਰੇ ਆਏ ਵੀਰਾਂ ਨੂੰ ਕਨੇਡਾ ਡੇ ਦੀਆਂ ਵਧਾਈਆਂ ਦਿੱਤੀਆਂ ਅਤੇ ਸਾਰਿਆਂ ਦਾ ਸਮਾਗਮ ਵਿੱਚ ਪਹੁੰਚਣ ਲਈ ਧੰਨਵਾਦ ਕੀਤਾ, ਬਾਦ ਵਿੱਚ ਸਾਰੇ ਆਏ ਵੀਰਾਂ ਨੇ ਚਾਹ, ਮਠਿਆਈ ਅਤੇ ਪਕੌੜਿਆਂ ਦਾ ਅਨੰਦ ਮਾਣਿਆ।






# ਵਧਦੀ ਆਬਾਦੀ ਲਈ ਭੋਜਨ, ਪਾਣੀ ਦਾ ਪ੍ਰਬੰਧ ਕਿਵੇਂ ਹੋਵੇਗਾ ?



ਕਿਸੇ ਵੀ ਦੇਸ਼ ਦੇ ਵਿਕਾਸ ਦਾ ਮੁਲਾਂਕਣ ਉਸ ਦੀ ਗਰੀਬੀ ਅਤੇ ਗਰੀਬੀ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ। ਦੁਨੀਆ ਨੇ ਲਗਭਗ 200 ਸਾਲਾਂ ਵਿੱਚ ਵਿਕਾਸ ਦੇ ਕਈ ਰਿਕਾਰਡ ਬਣਾਏ ਹਨ। ਦੂਜੇ ਪਾਸੇ ਜੇਕਰ ਅਸੀਂ ਦੁਨੀਆ ਦੀ ਵੱਡੀ ਆਬਾਦੀ ਦੇ ਪੇਟ ਅਤੇ ਪਾਣੀ ਦੇ ਸਵਾਲਾਂ 'ਤੇ ਨਜ਼ਰ ਮਾਰੀਏ ਤਾਂ ਵਿਕਾਸ ਦੇ ਮਾਮਲੇ 'ਤੇ ਅਸੀਂ ਜ਼ਿਆਦਾ ਯਕੀਨ ਨਹੀਂ ਕਰ ਸਕਦੇ। ਕੀ ਅਸੀਂ ਸਾਰਿਆਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣ ਦੇ ਯੋਗ ਹਾਂ? ਜ਼ਰੂਰੀ ਸਹੂਲਤਾਂ ਨੂੰ ਛੱਡ ਕੇ, ਕੀ ਅਸੀਂ ਸਾਰਿਆਂ ਨੂੰ ਭੋਜਨ ਪ੍ਰਦਾਨ ਕਰਨ ਦੇ ਯੋਗ ਹਾਂ? ਜਲਵਾਯੂ ਹਾਲਾਤ ਬਦਲਣ ਜਾਂ ਵਿਗੜਨ ਦਾ ਮੁੱਖ ਕਾਰਨ ਹੈ ਬਦਲਾਅ ਅਤੇ ਗਲੋਬਲ ਵਾਰਮਿੰਗ ਵਰਗੇ ਵਿਸ਼ੇ ਹਨ ਅਤੇ ਇਨ੍ਹਾਂ ਦੇ ਮਾੜੇ ਪ੍ਰਭਾਵਾਂ ਦੀ ਪਹਿਲੀ ਵੱਡੀ ਲੱਤ ਪੇਟ 'ਤੇ ਪਏਗੀ। ਇਸ ਦਾ ਮਤਲਬ ਹੈ ਕਿ ਖੁਰਾਕ ਸੁਰੱਖਿਆ ਆਪਣੇ ਆਪ ਵਿੱਚ ਬਹੁਤ ਖ਼ਤਰੇ ਵਿੱਚ ਹੈ। ਸਾਲ 2050 ਤੱਕ ਜਿੰਨੀ ਵੀ ਆਬਾਦੀ ਹੋਵੇਗੀ, ਉਸ ਨੂੰ ਅੱਜ ਦੇ ਮੁਕਾਬਲੇ 70 ਫੀਸਦੀ ਜ਼ਿਆਦਾ ਭੋਜਨ ਦੀ ਲੋੜ ਹੋਵੇਗੀ। ਇਸ ਦੇ ਨਾਲ ਹੀ ਕਈ ਵਿਗਿਆਨੀਆਂ ਦਾ ਮੰਨਣਾ ਹੈ ਕਿ ਜਲਵਾਯੂ ਪਰਿਵਰਤਨ ਕਾਰਨ ਪੂਰੀ ਦੁਨੀਆ ਦੀ ਖੇਤੀ ਉਤਪਾਦਨ ਵਿੱਚ 20 ਫੀਸਦੀ ਤੱਕ ਦੀ ਕਮੀ ਆ ਸਕਦੀ ਹੈ ਅਤੇ ਅੱਜ ਦੀ ਸਥਿਤੀ ਵਿੱਚ ਦੁਨੀਆ ਵਿੱਚ ਵੱਡੀ ਗਿਣਤੀ ਵਿੱਚ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਪੇਟ ਭਰ ਕੇ ਭੋਜਨ ਵੀ ਨਹੀਂ ਮਿਲਦਾ। ਫਿਰ ਇਹ ਸਮੱਸਿਆ ਜ਼ਰੂਰ ਆਵੇਗੀ ਇਹ ਇੱਕ ਵੱਡੀ ਚੁਣੌਤੀ ਬਣ ਸਕਦਾ ਹੈ। ਜੇਕਰ ਦੁਨੀਆ ਭਰ ਵਿੱਚ ਲਗਭਗ 81.10 ਮਿਲੀਅਨ ਲੋਕ ਭੁੱਖੇ ਸੌਂਦੇ ਹਨ, ਤਾਂ ਇਹ ਇਸ ਸਮੇਂ ਭੋਜਨ ਸੁਰੱਖਿਆ 'ਤੇ ਇੱਕ ਵੱਡਾ ਸਵਾਲ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਮੁਤਾਬਕ 2019 ਤੋਂ ਬਾਅਦ ਭੁੱਖਮਰੀ ਦੀ ਸਮੱਸਿਆ ਵਧੀ ਹੈ। ਹਰ ਰੋਜ਼ ਲਗਭਗ 25,000 ਲੋਕ ਭੁੱਖਮਰੀ ਨਾਲ ਸਬੰਧਤ ਕਾਰਨਾਂ ਕਰਕੇ ਮਰਦੇ ਹਨ। ਇਸ ਵਿਚ ਬੱਚਿਆਂ ਦੀ ਗਿਣਤੀ ਜ਼ਿਆਦਾ ਹੈ, ਹਰ ਰੋਜ਼ ਲਗਭਗ 10,000 ਬੱਚੇ ਭੁੱਖਮਰੀ ਕਾਰਨ ਮਰਦੇ ਹਨ। ਭਾਰਤ ਵਿੱਚ, ਇਹ ਮੰਨਿਆ ਜਾਂਦਾ ਹੈ ਕਿ ਹਰ ਰੋਜ਼ 3,000 ਬੱਚੇ ਭੁੱਖਮਰੀ ਕਾਰਨ ਮਰਦੇ ਹਨ। ਸਾਡੇ ਆਪਣੇ ਦੇਸ਼ ਵਿੱਚ ਕਰੀਬ 20 ਕਰੋੜ ਲੋਕ ਬਿਨਾਂ ਭੋਜਨ ਦੇ ਸੌਂਦੇ ਹਨ। ਇਹ ਅੰਕੜਾ ਸਿਰਫ਼ ਸਾਡੇ ਦੇਸ਼ ਦਾ ਹੀ ਨਹੀਂ ਹੈ। ਦੁਨੀਆ ਦੀ ਕਹਾਣੀ ਇਹ ਹੈ ਕਿ ਲਗਭਗ 45 ਦੇਸ਼ ਅਜਿਹੇ ਹਨ ਜਿੱਥੇ 50 ਕਰੋੜ ਲੋਕ ਕਿਸੇ ਨਾ ਕਿਸੇ ਰੂਪ ਵਿੱਚ ਭੋਜਨ ਦੀ ਘਾਟ ਕਾਰਨ ਰਹਿੰਦੇ ਹਨ। ਵਿਡੰਬਨਾ ਇਹ ਹੈ ਕਿ ਦੁਨੀਆ ਵਿੱਚ 2.5 ਬਿਲੀਅਨ ਟਨ ਭੋਜਨ ਖਰਾਬ ਹੋ ਜਾਂਦਾ ਹੈ। ਇਹ ਵੀ ਇੱਕ ਹਕੀਕਤ ਹੈ ਕਿ ਭਾਰਤ ਵਿੱਚ ਹਰ ਸਾਲ ਲਗਭਗ 30 ਫੀਸਦੀ ਅਨਾਜ ਬਰਬਾਦ ਹੋ ਜਾਂਦਾ ਹੈ, ਜਿਸ ਦੀ ਕੀਮਤ ਲਗਭਗ 92 ਹਜ਼ਾਰ ਕਰੋੜ ਰੁਪਏ ਬਣਦੀ ਹੈ। ਅਜਿਹੀ ਸਥਿਤੀ ਵਿਚ ਸਾਡੀ ਚਿੰਤਾ ਕਈ ਪੱਧਰਾਂ 'ਤੇ ਵਧ ਜਾਂਦੀ ਹੈ। ਆਉਣ ਵਾਲੇ ਸਮੇਂ ਵਿੱਚ 2050 ਤੱਕ ਕਿਹੜੀਆਂ ਰਣਨੀਤੀਆਂ ਹੋਣਗੀਆਂ, ਜਿਨ੍ਹਾਂ ਦੇ ਆਧਾਰ 'ਤੇ ਅਸੀਂ ਵੱਡੀ ਆਬਾਦੀ ਨੂੰ ਘਟਾ ਸਕਦੇ ਹਾਂ?ਕੀ ਮੈਂ ਘੱਟ ਭੋਜਨ ਦੇਣ ਦੇ ਯੋਗ ਹੋਵਾਂਗਾ? ਇਸੇ ਤਰ੍ਹਾਂ ਸਾਲ 2050 ਵਿੱਚ ਪਸ਼ੂਆਂ ਲਈ ਲਗਭਗ 70 ਫੀਸਦੀ ਹੋਰ ਖੁਰਾਕ ਦੀ ਲੋੜ ਹੋਵੇਗੀ। ਪਹਿਲਾਂ ਹੀ, ਚਾਰੇ ਅਤੇ ਲੱਕੜ ਦੇ ਉਤਪਾਦਨ 'ਤੇ ਵੀ ਜਲਵਾਯੂ ਤਬਦੀਲੀ ਦਾ ਮਾੜਾ ਅਸਰ ਪਿਆ ਹੈ। ਇੰਨਾ ਹੀ ਨਹੀਂ, ਹੁਣ ਘਟ ਰਹੇ ਜੰਗਲਾਂ ਦਾ ਖਾਸ ਤੌਰ 'ਤੇ ਹੜ੍ਹਾਂ ਅਤੇ ਸੋਕੇ ਦਾ ਅਸਰ ਪਿਆ ਹੈ। ਅਜੀਬ ਗੱਲ ਇਹ ਹੈ ਕਿ ਇਨ੍ਹਾਂ ਦੋਹਾਂ ਕਾਰਨ ਸਾਨੂੰ ਇਕ ਹੋਰ ਸਮੱਸਿਆ ਨੇ ਘੇਰ ਲਿਆ ਹੈ, ਅਤੇ ਉਹ ਇਹ ਹੈ ਕਿ ਸਾਡੀ ਜ਼ਿੰਦਗੀ ਅਤੇ ਭੋਜਨ ਹੁਣ ਜ਼ਹਿਰੀਲੇ ਹੋ ਗਏ ਹਨ। ਹੜ੍ਹ ਬਿਮਾਰੀਆਂ ਵੀ ਲਿਆਉਂਦੇ ਹਨ ਅਤੇ ਸੋਕੇ ਅਤੇ ਪਾਣੀ ਦੀ ਘਾਟ ਕਾਰਨ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ, ਜਿਸ ਦੀ ਵਰਤੋਂ ਅਸੀਂ ਖੇਤੀ ਅਤੇ ਪੀਣ ਲਈ ਕਰਦੇ ਹਾਂ।ਲੈ ਆਓ. ਯਾਰਕ ਯੂਨੀਵਰਸਿਟੀ, ਕੈਨੇਡਾ ਦੀ ਇੱਕ ਰਿਪੋਰਟ ਦੇ ਅਨੁਸਾਰ, ਖੇਤੀ ਵਿੱਚ ਰਸਾਇਣਾਂ, ਉਦਯੋਗਿਕ ਰਹਿੰਦ-ਖੂੰਹਦ ਜਾਂ ਕੀਟਨਾਸ਼ਕਾਂ ਦਾ ਦਾਖਲਾ ਵਿਸ਼ਵ ਭਰ ਵਿੱਚ ਘਾਤਕ ਸਿੱਧ ਹੋਇਆ ਹੈ, ਅਤੇ ਇਸ ਤਰ੍ਹਾਂ ਕਈ ਹੋਰ ਤਰੀਕਿਆਂ ਨਾਲ ਭੋਜਨ ਵਿੱਚ ਜ਼ਹਿਰੀਲਾਪਣ ਵੀ ਹੈ। ਅੰਕੜਿਆਂ ਅਨੁਸਾਰ ਹਰ ਸਾਲ ਲਗਭਗ 4.20 ਲੱਖ ਲੋਕ ਇਸ ਕਾਰਨ ਆਪਣੀ ਜਾਨ ਗੁਆ ਰਹੇ ਹਨ। ਹੁਣ ਤੁਸੀਂ ਦੇਖਦੇ ਹੋ ਕਿ ਗੋਭੀ ਵਰਗੀਆਂ ਸਬਜ਼ੀਆਂ ਨੂੰ ਤੇਜ਼ੀ ਨਾਲ ਈ-ਕੋਲੀ ਬੈਕਟੀਰੀਆ ਨੇ ਘੇਰਿਆ ਹੋਇਆ ਹੈ ਅਤੇ ਇਹ ਬੈਕਟੀਰੀਆ ਕਈ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਇਸ ਤਰ੍ਹਾਂ ਅਸੀਂ ਆਪਣੇ ਆਪ ਨੂੰ ਕਈ ਮੁਸੀਬਤਾਂ ਵਿੱਚ ਪਾ ਲਿਆ ਹੈ। ਇਹ ਵੀ ਸੱਚ ਹੈ ਕਿ ਜੇ ਅੱਜ ਇਹ ਸਭ ਸਭਾਵੇਂ ਤੁਸੀਂ ਸੀ ਦਿੰਦੇ ਹੋ, ਚੁਣੌਤੀਆਂ ਆਉਣ ਵਾਲੇ 50 ਸਾਲਾਂ ਤੱਕ ਇਸ ਤਰ੍ਹਾਂ ਹੀ ਰਹਿਣਗੀਆਂ। ਇਸ ਦਾ ਕਾਰਨ ਇਹ ਹੈ ਕਿ ਜਿਸ ਤਰ੍ਹਾਂ ਅਸੀਂ ਧਰਤੀ ਅਤੇ ਕੁਦਰਤ ਨੂੰ ਨਕਾਰਿਆ ਹੈ, ਉਹ ਆਉਣ ਵਾਲੇ ਸਮੇਂ ਵਿਚ ਸਾਨੂੰ ਜਲਦੀ ਮੁਆਫ਼ ਕਰਨ ਵਾਲਾ ਨਹੀਂ ਹੈ। ਸਾਨੂੰ ਇੱਕ ਵੱਡੀ ਤਬਦੀਲੀ ਦੀ ਲੋੜ ਹੈ ਜਿੱਥੇ ਅਸੀਂ, ਇੱਕ ਪਾਸੇ, ਵਧਦੀ ਆਬਾਦੀ ਨੂੰ ਤੇਜ਼ੀ ਨਾਲ ਕੰਟਰੋਲ ਕਰਦੇ ਹਾਂ। ਦੂਜੇ ਪਾਸੇ, ਜੀਵਨ ਦੀਆਂ ਲੋੜਾਂ ਨੂੰ ਸੀਮਤ ਕਰੋ ਅਤੇ ਸੰਕਟ ਪ੍ਰਤੀ ਗੰਭੀਰ ਹੋਵੋ। ਸਾਨੂੰ ਖੇਤੀ ਜਾਂ ਖੇਤੀ ਨਾਲ ਸੁਧਾਰ ਸ਼ੁਰੂ ਕਰਨਾ ਚਾਹੀਦਾ ਹੈ, ਸਾਡੇ ਕੋਲ ਸਮਾਂ ਘੱਟ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

# ਬਾਪੂ ਜੀ ਦਾ ਸੱਚਾ ਸਾਥੀ: ਸਾਈਕਲ

-ਸਤਵਿੰਦਰ ਸਿੰਘ ਮੜੌਲਵੀ



ਕਰੀਬ ਪੌਣੀ ਕੁ ਸਦੀ ਦਾ ਉਮਰ ਕੰਧ ਮੁਕਾ ਕੇ ਬਾਪੂ ਜੀ ਪਰਵਾਰ ਤੋਂ ਪਲਾਂ ਵਿੱਚ ਵਿਛੜ ਗਏ, ਪਰ ਸਾਈਕਲ ਨਾਲ ਉਨ੍ਹਾਂ ਦਾ ਸਾਥ ਆਖ਼ਰੀ ਦਮ ਤੱਕ ਨਿਭਿਆ। ਉਨ੍ਹਾਂ ਨੇ ਲੰਬਾ ਸਮਾਂ ਨੌਕਰੀ ਕੀਤੀ ਅਤੇ ਸ਼ੁਰੂ ਤੋਂ ਲੱਗਭਗ ਅਖ਼ੀਰ ਤੱਕ ਸਾਈਕਲ ਉੱਤੇ ਸਫਰ ਕੀਤਾ। ਸਾਈਕਲ ਉਨ੍ਹਾਂ ਦਾ ਸੱਚਾ ਸਾਥੀ ਤੇ ਜਿੰਦ-ਜਾਨ ਸੀ। ਬਾਪੂ ਜੀ ਦੱਸਿਆ ਕਰਦੇ ਸਨ ਕਿ ਨੌਕਰੀ ਦੇ ਸ਼ੁਰੂ ਵਿੱਚ ਉਨ੍ਹਾਂ ਨੇ ਪਹਿਲਾਂ ਸਾਈਕਲ ਕਿਸ਼ਤਾਂ ਉੱਤੇ ਖ਼ਰੀਦਿਆਂ ਸੀ ਕਿਉਂਕਿ ਘਰੇਲੂ ਮਜ਼ਬੂਰੀਆਂ ਕਾਰਨ ਨਕਦ ਲੈਣ ਜੋਗੇ ਪੈਸੇ ਨਹੀਂ ਸਨ। ਨੌਕਰੀ ਦੌਰਾਨ ਪਹਿਲੇ ਦੋ-ਢਾਈ ਦਹਾਕੇ ਉਹ ਸਵੇਰ ਤੋਂ ਸ਼ਾਮ ਤੱਕ ਸਾਈਕਲ ਉੱਤੇ ਰਹੇ। ਚੰਡੀਗੜ੍ਹ ਦੇ ਲੱਗਭਗ ਹਰ ਸੈਕਟਰ ਬਾਰੇ ਉਨ੍ਹਾਂ ਨੂੰ ਬੜੀ ਡੂੰਘੀ ਜਾਣਕਾਰੀ ਸੀ ਕਿਉਂਕਿ ਜ਼ਿਆਦਾਤਰ ਉਨ੍ਹਾਂ ਦਾ ਵਾਹ ਚੰਡੀਗੜ੍ਹ ਵਿੱਚ ਬਣੇ ਪੰਜਾਬ ਦੇ ਵੱਖ-ਵੱਖ ਦਫ਼ਤਰਾਂ ਨਾਲ ਪੈਂਦਾ ਸੀ ਤੇ ਉਹ ਹਰ ਥਾਂ ਸਾਈਕਲ ਉੱਤੇ ਹੀ ਜਾਂਦੇ ਸਨ। ਉਨ੍ਹਾਂ ਦਾ ਜੀਵਨ ਬੜਾ ਸਾਦਾ ਅਤੇ ਸਰਲ ਸੀ। ਮੈਂ ਹਮੇਸ਼ਾ ਹੀ ਉਨ੍ਹਾਂ ਨੂੰ ਕੁੜਤੇ-ਪਜਾਮੇ ਵਿੱਚ ਹੀ ਵੇਖਿਆ। ਆਪਣੀ ਨੌਕਰੀ ਪ੍ਰਤੀ ਉਹ ਪੂਰੇ ਇਮਾਨਦਾਰ ਤੇ ਸਮਰਪਿਤ ਸਨ। ਛੁੱਟੀ ਲੋੜ ਮੁਤਾਬਕ ਹੀ ਲੈਂਦੇ ਸਨ।

ਉਹ ਸਮੇਂ ਸਿਰ ਦਫ਼ਤਰ ਪਹੁੰਚ ਜਾਂਦੇ ਤੇ ਛੁੱਟੀ ਦੇ ਵਕਤ ਹੀ ਆਉਂਦੇ। ਉਨ੍ਹਾਂ ਸਮਿਆ ਵਿੱਚ ਕਿੰਨੇ ਹੀ ਨੌਕਰੀਪੇਸ਼ਾ ਲੋਕ ਸਾਈਕਲਾਂ ਉੱਤੇ ਡਿਊਟੀ ਉੱਤੇ ਜਾਂਦੇ ਸਨ। ਹੌਲੀ-ਹੌਲੀ ਬਹੁਤ ਸਾਰੇ ਸਕੂਟਰਾਂ, ਮੋਟਰ-ਸਾਈਕਲਾਂ ਉੱਤੇ ਸਵਾਰ ਹੋ ਗਏ, ਪਰ ਪਿਤਾ ਜੀ ਨੇ ਆਪਣੇ ਸਾਈਕਲ ਦਾ ਕਦੇ ਸਾਥ ਨਾ ਛੱਡਿਆ। ਸਾਈਕਲ ਉਹ ਬਹੁਤ ਸਰਲਤਾ ਨਾਲ ਚਲਾਉਂਦੇ ਸਨ ਅਤੇ ਉਸ ਉੱਤੇ ਸਵਾਰੀ ਕਰਨ ਦੌਰਾਨ ਕਈ ਵਾਰ ਕੋਈ ਗੀਤ ਵਗੈਰਾ ਵੀ ਗੁਣ-ਗੁਣਾਉਂਦੇ ਰਹਿੰਦੇ।

ਬੜੇ ਆਰਾਮ ਨਾਲ ਪੰਜਿਆਂ ਭਾਰ ਉਹ ਸਾਈਕਲ ਚਲਾਉਂਦੇ ਕਿੰਨੇ ਹੀ ਕਿਲੋਮੀਟਰ ਦਾ ਸਫ਼ਰ ਤੈਅ ਕਰ ਜਾਂਦੇ ਸਨ। ਸਾਈਕਲ ਚਲਾਉਣ ਦਾ ਉਨ੍ਹਾਂ ਦਾ ਬੜਾ ਸਹਿਜ ਢੰਗ ਸੀ ਕਿ ਉਹ ਬਹੁਤ ਧੀਮੀ ਚਾਲ ਦੇ ਨਾਲ ਸਫ਼ਰ ਕਰਦੇ ਸਨ ਜਿਸ ਨਾਲ ਉਨ੍ਹਾਂ ਨੂੰ ਥਕੇਵਾਂ ਨਹੀਂ ਸੀ ਹੁੰਦਾ। ਸਾਈਕਲ ਚਲਾਉਣ ਕਾਰਨ ਉਨ੍ਹਾਂ ਦਾ ਸਰੀਰ ਬੜਾ ਗੱਠਵਾਂ ਅਤੇ ਮਜ਼ਬੂਤ ਸੀ। ਮੈਂ ਕਦੇ ਉਨ੍ਹਾਂ ਨੂੰ ਅੰਤਿਮ ਸਮੇਂ ਤੱਕ ਮੰਜੇ ਉੱਤੇ ਬਿਮਾਰ ਪਏ ਨਹੀਂ ਵੇਖਿਆ।

ਖਾਣਾ-ਪੀਣਾ ਉਨ੍ਹਾਂ ਦਾ ਬੜਾ ਦਰੁਸਤ ਸੀ, ਬਿਲਕੁਲ ਸ਼ਾਕਾਹਾਰੀ। ਕਦੇ-ਕਦਾਈ ਸ਼ਰਾਬ ਦੇ ਸੇਵਨ ਦੀ ਆਦਤ ਉਹ ਆਪਣੀ ਜਵਾਨੀ ਦੌਰਾਨ, ਭਾਵ ਸਾਡੇ ਬਚਪਨ ਵਿੱਚ ਹੀ ਤਿਆਗ ਗਏ। ਵਿਚਾਰ ਉਨ੍ਹਾਂ ਦੇ ਬੜੇ ਧਾਰਮਿਕ ਤੇ ਸਪੱਸ਼ਟ ਸਨ। ਪਰਮ-ਾਤਮਾ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਦਾ ਵੱਲ ਉਨ੍ਹਾਂ ਨੂੰ ਆਉਂਦਾ ਸੀ। ਕਿਸੇ ਕਿਸਮ ਦੇ ਲੋਭ ਤੋਂ ਮੁਕਤ ਉਹ ਸਭ ਦਾ ਭਲਾ ਚਾਹੁਣ ਵਾਲੇ ਸਨ। ਨੌਕਰੀ ਦੌਰਾਨ ਉਨ੍ਹਾਂ ਨੇ ਕਈ ਸਾਈਕਲ ਬਦਲੇ। ਇੱਕ ਵਾਰ ਬਾਪੂ ਜੀ ਨੇ ਹਰੇ ਫਰੇਮ ਵਾਲਾ ਸਾਈਕਲ ਖ਼ਰੀਦਿਆਂ। ਉਸ ਦੀ ਗੱਦੀ ਉੱਤੇ ਫਿਰੋਜ਼ੀ ਰੰਗ ਦਾ ਕਵਰ ਬਹੁਤ ਜਚਦਾ ਸੀ। ਆਪਣੀ ਸੋਝੀ ਵਿੱਚ ਮੈਨੂੰ ਉਨ੍ਹਾਂ ਦਾ ਉਹ ਸਾਈਕਲ ਬਹੁਤ ਚੰਗਾ ਲੱਗਦਾ ਸੀ। ਮੈਂ ਚਾਅ ਨਾਲ ਉਸ ਉੱਤੇ ਕੱਪੜਾ ਮਾਰਦਾ। ਆਪਣੀ ਸੇਵਾ ਮੁਕਤੀ ਤੋਂ ਬਾਅਦ ਸ਼ਾਇਦ ਹੀ ਕੋਈ ਅਜਿਹਾ ਦਿਨ ਹੋਵੇਗਾ, ਜਦੋਂ ਉਨ੍ਹਾਂ ਨੇ ਆਪਣਾ ਸਾਈਕਲ ਨਾ ਚਲਾਇਆ ਹੋਵੇ।ਬਾਜ਼ਾਰ ਜਾਂ ਸਵੇਰ-ਸ਼ਾਮ ਘਰ ਵਾਸਤੇ ਪਿੰਡ ਵਿੱਚੋਂ ਦੁੱਧ ਜਾਂ ਹੋਰ ਸਾਮਾਨ ਲੈ ਕੇ ਆਉਣਾ, ਉਨ੍ਹਾਂ ਦਾ ਨਿੱਤ ਦਾ ਕੰਮ ਸੀ। ਮੇਰੇ ਅਤੇ ਮੇਰੇ ਵੱਡੇ ਭਰਾ ਦੇ ਬੱਚਿਆਂ ਨੂੰ ਸਕੂਲ ਛੱਡ ਆਉਂਦੇ ਅਤੇ ਕਈ ਵਾਰ ਦੁਪਹਿਰ ਵੇਲੇ ਲੈ ਵੀ ਆਉਂਦੇ। ਬਾਪੂ ਜੀ ਆਪਣੇ ਸਾਈਕਲ ਨੂੰ ਟੋਕਰੀ ਘੱਟ ਹੀ ਲਵਾਉਂਦੇ ਸਨ। ਵਧੇਰੇ ਕਰਕੇ ਉਨ੍ਹਾਂ ਨੇ ਹੈਂਡਲ ਦੇ ਨਾਲ ਝੋਲਾ ਟੰਗਿਆ ਹੁੰਦਾ।

ਮੈਨੂੰ ਯਾਦ ਹੈ ਜਦੋਂ ਮੈਂ ਨਿੱਕਾ ਸੀ, ਉਹ ਆਪਣੇ ਸਾਈਕਲ ਦੇ ਮੂਹਰਲੇ ਡੰਡੇ ਨਾਲ ਇੱਕ ਤੌਲੀਆ ਦੂਹਰਾ ਤੀਹਰਾ ਕਰ ਕੇ ਉਸ ਨੂੰ ਕਿਸੇ ਲੰਬੀ ਲੀਰ ਜਾਂ ਆਪਣੀ ਠਾਠੀ ਨਾਲ ਚੰਗੀ ਤਰ੍ਹਾਂ ਨੂੜ ਲੈਂਦੇ ਸਨ ਅਤੇ ਮੈਨੂੰ ਉਸ ਉਤੇ ਬਿਠਾ ਕੇ ਸ਼ਹਿਰ ਤੋਂ ਜੁੱਤੀ, ਕੱਪੜਾ ਦਿਲਾ ਲਿਆਉਂਦੇ ਸਨ। ਜਿਵੇਂ ਪਹਿਲਾਂ ਵੀ ਗੱਲ ਕੀਤੀ ਹੈ ਕਿ ਉਸ ਸਮੇਂ ਲੋਕਾਂ ਕੋਲ ਵਧੇਰੇ ਕਰ ਕੇ ਆਉਣ-ਜਾਣ ਦਾ ਸਾਧਨ ਸਾਈਕਲ ਹੀ ਹੁੰਦਾ ਸੀ।

ਅਸੀਂ ਵੀ ਛੁੱਟੀ ਵਾਲੇ ਦਿਨ ਦੋਵੇਂ ਭਰਾ ਦੂਰ-ਦੂਰ ਤੱਕ ਦੀਆਂ ਰਿਸ਼ਤੇਦਾਰੀਆਂ ਵਿੱਚ ਬਾਪੂ ਜੀ ਦੇ ਸਾਈਕਲ ਉੱਤੇ ਹੀ ਜਾ ਆਉਂਦੇ। ਸੜਕਾਂ ਉੱਤੇ ਅਵਾਜਾਈ ਵਧੀ ਤਾਂ ਇੱਕ-ਦੋ ਵਾਰ ਉਨ੍ਹਾਂ ਨੂੰ ਸਾਈਕਲ ਉੱਤੇ ਫੇਟਾਂ ਵੱਜੀਆਂ ਪਰ ਉਹ ਡੋਲੇ ਨਹੀਂ। ਇੱਕ ਵਾਰ ਤੇਜ਼ ਰਫ਼ਤਾਰ ਟਰੱਕ ਫੇਟ ਮਾਰ ਕੇ ਉਨ੍ਹਾਂ ਨੂੰ ਇੱਕ ਪਾਸੇ ਸੁੱਟ ਗਿਆ। ਉਨ੍ਹਾਂ ਦੀ ਅੱਡੀ ਵੱਢੀ ਗਈ ਤੇ ਮਾਸ ਥੱਲੇ ਲਮਕ ਗਿਆ। ਕਿਸੇ ਨੇ ਸ਼ਾਮ ਦਾ ਸਮਾਂ ਹੋਣ ਕਾਰਨ ਮਦਦ ਨਾ ਕੀਤੀ ਪਰ ਦਲੇਰੀ ਨਾਲ ਉਹ ਆਪ ਹੀ ਉਠ ਕੇ ਸਾਈਕਲ ਚੁੱਕ ਕੇ ਰੁਮਾਲ ਨਾਲ ਅੱਡੀ ਨੂੰ ਬੰਨ੍ਹ ਕੇ ਘਰ ਪਹੁੰਚ ਗਏ ਤੇ ਹਸਪਤਾਲੋਂ ਟਾਂਕੇ ਲੁਆ ਲਿਆਏ।

ਵਡੇਰੀ ਉਮਰ ਵਿੱਚ ਜਦੋਂ ਬਾਪੂ ਜੀ ਦੇ ਗੋਡਿਆਂ ਵਿੱਚ ਦਰਦ ਰਹਿਣ ਲੱਗ ਪਿਆ ਤਾਂ ਤੁਰਨ ਵਿੱਚ ਉਨ੍ਹਾਂ ਨੂੰ ਬਹੁਤ ਤਕਲੀਫ ਹੁੰਦੀ ਸੀ ਪਰ ਹੈਰਾਨੀ ਦੀ ਗੱਲ ਹੈ ਕਿ ਜਦੋਂ ਉਹ ਸਾਈਕਲ ਚਲਾਉਂਦੇ ਸਨ ਤਾਂ ਉਨ੍ਹਾਂ ਨੂੰ ਆਪਣੇ ਗੋਡਿਆਂ ਦਾ ਦਰਦ ਬਿਲਕੁਲ ਮਹਿਸੂਸ ਨਹੀਂ ਸੀ ਹੁੰਦਾ। ਜੇ ਕਿਤੇ ਉਨ੍ਹਾਂ ਦਾ ਤੁਰਨ ਨੂੰ ਮਨ ਕਰਦਾ ਤਾਂ ਵੀ ਉਹ ਸਾਈਕਲ ਨੂੰ ਆਪਣੇ ਨਾਲ ਰੋੜ੍ਹ ਲੈਂਦੇ ਤੇ ਉਸ ਦੇ ਸਹਾਰੇ ਨਾਲ ਹੀ ਥੋੜ੍ਹਾ ਤੁਰ ਲੈਂਦੇ।

ਉਨ੍ਹਾਂ ਦੇ ਅਕਾਲ ਚਲਾਣੇ ਤੋਂ ਪਹਿਲ ਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਆਪਣਾ ਪੁਰਾਣਾ ਸਾਈਕਲ ਵੇਚ ਕੇ ਨਵਾਂ ਲੈ ਲਓ, ਪਰ ਕਹਿਣ ਲੱਗੇ, ''ਨਹੀਂ ਰਹਿਣ ਦਿੰਦੇ ਹਾਂ, ਅਜੇ ਠੀਕ ਚੱਲਦੈ, ਕਦੇ ਲੋੜ ਪਈ ਤਾਂ ਬਦਲ ਲਵਾਂਗੇ।'' ਬਾਪੂ ਜੀ ਦੇ ਤੁਰ ਜਾਣ ਤੋਂ ਬਾਅਦ ਕਈ ਮਹੀਨੇ ਇਹ ਸਾਈਕਲ ਮੈਂ ਆਪਣੇ ਘਰ ਸੰਭਾਲ ਕੇ ਰੱਖਿਆ। ਜਿਵੇਂ ਇਹ ਉਨ੍ਹਾਂ ਦੀ ਕੋਈ ਨਿਸ਼ਾਨੀ ਹੋਵੇ। ਮੈਂ ਕਦੇ-ਕਦੇ ਇਸ ਨੂੰ ਚਲਾ ਵੀ ਲੈਂਦਾ ਸੀ ਪਰ ਬਹੁਤਾ ਸਮਾਂ ਇਹ ਘਰੇ ਹੀ ਖੜ੍ਹਾ ਰਹਿੰਦਾ ਸੀ।

ਮੈਂ ਸੋਚਿਆਂ ਕਿ ਸਾਈਕਲ ਤਾਂ ਚੱਲਣ ਵਾਲੀ ਮਸ਼ੀਨਰੀ ਹੈ, ਫਿਰ ਇਸ ਨੂੰ ਖੜ੍ਹਾਉਣਾ ਕਿਉਂ ਹੈ। ਮੇਰੇ ਚਾਚੇ ਦਾ ਮੁੰਡਾ ਅਕਸਰ ਸਾਈਕਲ ਉੱਤੇ ਆਪਣੇ ਕੰਮਕਾਰ ਨੂੰ ਜਾਂਦਾ ਸੀ। ਕੁਦਰਤੀ, ਉਸਦਾ ਸਾਈਕਲ ਵਿਗੜ ਗਿਆ ਤੇ ਅਤੀ ਪੁਰਾਣਾ ਖ਼ਸਤਾ ਹੋਣ ਕਾਰਨ ਉਸ ਨੇ ਘਰ ਖੜ੍ਹਾ ਦਿੱਤਾ। ਮੈਂ ਸੋਚਿਆ ਕਿ ਚਲੋ, ਆਪਣੇ ਚਾਚੇ ਦੇ ਮੁੰਡੇ ਨੂੰ ਇਹ ਬਾਪੂ ਜੀ ਦਾ ਸਾਈਕਲ ਤੋਹਫ਼ੇ ਵਜੋਂ ਚਲਾਉਣ ਨੂੰ ਦੇ ਦਿੰਦਾ ਹਾਂ।ਉਸ ਕੋਲ ਹੋਇਆ ਜਾਂ ਮੇਰੇ ਕੋਲ, ਇੱਕੋ ਗੱਲ ਹੈ। ਉਸ ਨੂੰ ਲੋੜ ਵੀ ਸੀ। ਸਾਈਕਲ ਲੈ ਕੇ ਉਸ ਨੂੰ ਬੜੀ ਖ਼ੁਸ਼ੀ ਹੋਈ। ਇਹ ਸਾਈਕਲ ਉਸ ਕੋਲ ਅੱਜ ਵੀ ਸਾਂਭਿਆ ਹੈ ਤੇ ਵਧੀਆ ਹਾਲਤ ਵਿੱਚ ਹੈ। ਜਦੋਂ ਉਹ ਇਸ ਨੂੰ ਸੜਕ ਉੱਤੇ ਲੈ ਕੇ ਆਉਂਦਾ ਜਾਂਦਾ ਹੈ ਤਾਂ ਮੈਨੂੰ ਖ਼ੁਸ਼ੀ ਹੁੰਦੀ ਹੈ।

ਸਾਈਕਲ ਮੇਰੇ ਪਿਤਾ ਜੀ ਦਾ ਜਿਵੇਂ ਜੀਵਨ-ਪ੍ਰਤੀਕ ਸੀ। ਮੈਂ ਇਸ ਨੂੰ ਆਪਣੇ ਜੀਵਨ ਵਿੱਚੋਂ ਕਦੇ ਮਨਫ਼ੀ ਨਹੀਂ ਕਰਨਾ ਚਾਹੁੰਦਾ।ਤੇ ਮਨ ਪੱਕਾ ਬਣਾ ਲਿਆ ਹੈ ਕਿ ਮੈਂ ਵੀ ਆਪਣੇ ਘਰ ਲਈ, ਉਨ੍ਹਾਂ ਦੀ ਯਾਦ ਵਿੱਚ ਇੱਕ ਹੋਰ ਨਵਾਂ ਸਾਈਕਲ ਜ਼ਰੂਰ ਖ਼ਰੀਦਾਂਗਾ। ਬੱਚੇ ਵੀ ਉਸ ਨੂੰ ਚਲਾਉਣਗੇ ਤੇ ਮੈਂ ਵੀ।

# ਇਮਤਿਹਾਨਾਂ ਦਾ ਇਮਤਿਹਾਨ

ਪ੍ਰੋਫੈਸਰ ਮੋਹਣ ਸਿੰਘ

ਪਿਛਲੇ ਸਾਲ ਅਖਬਾਰ ਵਿੱਚ ਸੁਰਖੀ ਦੇਖੀ ਕਿ ਯੂਨੀਵਰਸਿਟੀ ਦੇ ਵਿਦਿਆਰਥੀ ਇਮਤਿਹਾਨਾਂ ਬਾਰੇ ਰੋਸ ਦਿਖਾਵਾ ਕਰ ਰਹੇ ਹਨ। ਇਸ ਦੀ ਵੱਡੀ ਵਜ੍ਹਾ ਇਹ ਸੀ ਕਿ ਸਾਲਾਨਾ ਪਰਚੇ ਵਿੱਚ ਐਸੀ ਗਲਤੀ ਛਪ ਗਈ ਜਿਸ ਨਾਲ ਸਮੁੱਚਾ ਵਿਦਿਆਰਥੀ ਵਰਗ ਬੁਰੀ ਤਰ੍ਹਾਂ ਪ੍ਰਭਾਵਤ ਸੀ। ਖਬਰ ਪੜ੍ਹ ਕੇ ਪੁਰਾਣਾ ਸਮਾਂ ਯਾਦ ਆ ਗਿਆ, ਜਦੋਂ ਗਲਤੀਆਂ ਹੁੰਦੀਆਂ ਹੀ ਨਹੀਂ ਸਨ, ਜੇ ਕੋਈ ਇੱਕ ਅੱਧ ਹੋ ਜਾਵੇ ਤਾਂ ਉਸ ਨੂੰ ਸਮੇਂ ਸਿਰ ਦਰੁਸਤ ਕਰਨ/ਕਰਵਾਉਣ ਦਾ ਪੱਕਾ ਅਤੇ ਭਰੋਸੇਯੋਗ ਪ੍ਰਬੰਧ ਹੁੰਦਾ ਸੀ।

ਗੱਲ ਪੰਜਾਬ ਯੂਨੀਵਰਸਿਟੀ ਦੀ ਹੈ, ਜੋ ਸੰਤਾਲੀ ਦੀ ਵੰਡ ਤੋਂ ਬਾਅਦ ਲਾਹੌਰ ਤੋਂ ਤਬਦੀਲ ਹੋ ਕੇ ਕੁਝ ਦੇਰ ਲਈ ਸੋਲਨ ਆ ਗਈ ਸੀ। ਪਰਚਾ ਬਣਵਾਉਣ, ਛਪਵਾਉਣ ਲਈ ਯੂਨੀਵਰਸਿਟੀ ਕਾਫੀ ਰਕਮ ਖਰਚ ਕਰਦੀ ਤੇ ਛਪਾਈ ਦਾ ਕੰਮ ਕਿਤੇ ਦੂਰ ਦੁਰਾਡੇ ਦੱਖਣੀ ਖੇਤਰ ਦੇ ਕਿਸੇ ਪ੍ਰੈਸ ਵਿੱਚ ਹੁੰਦਾ ਸੀ। ਹਰਿਆਣਾ, ਹਿਮ-ਾਚਲ ਪ੍ਰਦੇਸ਼ ਅਜੇ ਬਣੇ ਨਹੀਂ ਸੀ ਤੇ ਯੂਨੀਵਰਸਿਟੀ ਦਾ ਅਧਿਕਾਰ ਖੇਤਰ ਕਸ਼ਮੀਰ ਸਣੇ ਦਿੱਲੀ ਤੱਕ ਹੁੰਦਾ ਸੀ। ਦੱਸਣ ਵਾਲੀ ਗੱਲ ਹੈ ਕਿ ਇਮਤਿਹਾਨ ਤੋਂ ਪਹਿਲਾਂ ਪੇਪਰ ਸੈਟਰ ਇੱਕ-ਇੱਕ ਪ੍ਰਸ਼ਨ ਉੱਤੇ ਨਜ਼ਰ ਮਾਰਦਾ ਸੀ। ਹਿਸਾਬ ਵਰਗੇ ਵਿਸ਼ੇ ਵਿੱਚ ਹਰ ਪ੍ਰਸ਼ਨ ਹੱਲ ਕਰ ਕੇ ਦੇਖਦਾ ਸੀ। ਕਦੇ ਕੋਈ ਗਲਤੀ ਨਹੀਂ ਸੀ ਹੁੰਦੀ। ਉਦੋਂ ਅੱਜ ਵਾਲਾ ਕੰਪਿਊਟਰ ਸਿਸਟਮ ਤਾਂ ਹੁੰਦਾ ਨਹੀਂ ਸੀ, ਪਰ ਜੇ ਕੋਈ ਗਲਤੀ ਹੋ ਜਾਏ ਤਾਂ ਟੈਲੀਗ੍ਰਾਮ ਜ਼ਰੀਏ ਉਹ ਸੈਂਟਰ ਵਿੱਚ ਤਾਰ ਚਲੀ ਜਾਂਦੀ ਸੀ ਕਿ ਫਲਾਂ ਫਲਾਂ ਪ੍ਰਸ਼ਨ, (ਣ) ਦੀ ਥਾਂ 0 ਪੜ੍ਹਿਆ ਜਾਵੇ। ਸੁਪਰਡੈਂਟ ਤਸਦੀਕ ਕਰਦਾ ਹੁੰਦਾ ਸੀ ਕਿ ਗਲਤੀ ਐਨੇ ਵਜੇ ਸਾਰਿਆਂ ਦੀ ਹਾਜ਼ਰੀ ਵਿੱਚ, ਉੱਚੀ ਆਵਾਜ਼ ਵਿੱਚ ਸੁਣਾਈ ਗਈ ਅਤੇ ਸੁਧਾਈ ਕਰਵਾਈ ਗਈ।

ਇਮਤਿਹਾਨੀ ਸੈਂਟਰਾਂ ਦੀ ਗਿਣਤੀ ਹਜ਼ਾਰਾਂ ਵਿੱਚ ਹੁੰਦੀ ਸੀ। ਹਰ ਸੈਂਟਰ ਇਮਤਿਹਾਨ ਲੈ ਕੇ ਪਰਚੇ ਯੂਨੀਵਰਸਿਟੀ ਨੂੰ ਭੇਜਦਾ ਤੇ ਯੂਨੀਵਰਸਿਟੀ ਪਹਿਲਾਂ ਤੋਂ ਨਿਯੁਕਤ ਐਗਜ਼ਾਮੀਨਰ ਨੂੰ ਰੇਲਵੇ ਬਿਲਟੀ ਰਾਹੀਂ ਕਰੀਬ 400 ਪਰਚਿਆਂ ਦਾ ਬੰਡਲ ਭੇਜਦੀ ਸੀ। ਦਸ ਪੰਦਰਾਂ ਪਰਚੇ ਬਕਾਇਦਾ ਹਦਾਇਤਾਂ ਮੁਤਾਬਕ ਨੰਬਰ ਲਾ ਕੇ, ਉਹ ਆਪਣੇ ਮੁੱਖ ਐਗਜ਼ਾਮੀਨਰ ਨੂੰ ਭੇਜਦਾ ਸੀ, ਜੋ ਉਸ ਦਾ ਪਰਚੇ ਦੇਖਣ ਦਾ ਸਟੈਂਡਰਡ ਪ੍ਰਵਾਨ ਕਰਦਾ ਸੀ ਜਾਂ ਉਸ ਉੱਤੇ ਆਪਣੀ ਟਿੱਪਣੀ ਕਰਦਾ ਸੀ। ਮੁੱਖ ਐਗਜ਼ਾਮੀਨਰ ਪੱਧਰ ਉੱਤੇ ਕੋਈ ਗਲਤੀ ਨਾ ਰਹਿ/ਹੋ ਜਾਵੇ, ਇੱਕ ਚੈਕਿੰਗ ਅਸਿਸਟੈਂਟ ਹੁੰਦਾ ਸੀ। ਬੜਾ ਸੋਹਣਾ ਸਿਸਟਮ ਸੀ। ਦਸਾਂ ਵਿੱਚੋਂ ਅੱਠ ਨੰਬਰ ਦੇਣ ਲਈ ਮੁੱਖ ਐਗਜ਼ਾਮੀਨਰ ਦੀ ਉਚੇਚੀ ਰਜ਼ਾਮੰਦੀ ਹੁੰਦੀ ਸੀ। ਹਿਸਾਬ ਵਰਗੇ ਵਿਸ਼ੇ ਛੱਡ ਕੇ ਪੂਰੇ ਨੰਬਰ ਨਹੀਂ ਸੀ ਦਿੱਤੇ ਜਾ ਸਕਦੇ। ਅੱਜ ਵਾਂਗ 99 ਜਾਂ 100 ਫੀਸਦੀ ਨੰਬਰ ਕੋਈ ਕਿਆਸ ਨਹੀਂ ਸੀ ਸਕਦਾ। ਹੌਲੀ ਹੌਲੀ ਸਿਸਟਮ ਹਰ ਪੱਧਰ ਉੱਤੇ ਗਰਕਣਾ ਸ਼ੁਰੂ ਹੋ ਗਿਆ। ਸੈਂਟਰ ਪੱਧਰ ਉੱਤੇ ਨਕਲ ਦੇ ਨਵੇਂ ਨਵੇਕਲੇ ਢੰਗ ਨਿਕਲ ਆਏ। ਪਰਚੀਆਂ ਤੋਂ ਸ਼ੁਰੂ ਹੋ ਕੇ ਪੂਰੀਆਂ ਕਿਤਾਬਾਂ ਵਰਤੀਆਂ ਜਾਣ ਲੱਗ ਪਈਆਂ। ਪਰਚੇ ਲੀਕ ਹੋਣੇ ਸ਼ੁਰੂ ਹੋ ਗਏ। ਰੀ-ਇਵੈਲੂਏਸ਼ਨ ਦਾ ਯੁੱਗ ਸ਼ੁਰੂ ਹੋਇਆ। ਇੱਥੇ ਹੋਰ ਤਰ੍ਹਾਂ ਦੀਆਂ ਗੜਬੜਾਂ ਸ਼ੁਰੂ ਹੋ ਗਈਆਂ।

ਦਫਤਰੀ ਪੱਧਰ ਉੱਤੇ 25 ਤੋਂ 52 ਵਰਗੇ ਕੇਸ ਵੀ ਦੇਖਣ ਵਿੱਚ ਆਏ, ਪਰ ਅੰਕੜਾ ਵਿਗਿਆਨੀਆਂ ਦੀ ਵੱਡੀ ਖੋਜ ਪ੍ਰਾਪਤੀ ਵਜੋਂ ਅੱਜ ਵਾਲੇ ਪ੍ਰਸ਼ਨ ਪੱਤਰ ਨੇ ਜਨਮ ਲਿਆ, ਜਿਸ ਵਿੱਚ ਇੱਕ ਇੱਕ ਨੰਬਰ ਦੇ 10, ਦੋ ਦੋ ਨੰਬਰਾਂ ਵਾਲੇ 10, ਤਿੰਨ ਤਿੰਨ ਨੰਬਰਾਂ ਵਾਲੇ 10 ਅਤੇ ਪੰਜ-ਪੰਜ ਨੰਬਰਾਂ ਵਾਲੇ ਚਾਰ ਪ੍ਰਸ਼ਨਾਂ ਦੇ ਕੁੱਲ ਅੱਸੀ ਨੰਬਰ ਹੁੰਦੇ ਹਨ। ਚੋਣ ਬਿਲਕੁਲ ਨਹੀਂ। ਵੀਹ ਨੰਬਰ ਹਰ ਵਿਸ਼ੇ ਦੇ ਇੰਟਰਨਲ ਅਸੈਸਮੈਂਟ ਦੇ ਹਨ। ਹਰ ਪੱਧਰ ਦਾ ਵਿਦਿਆਰਥੀ ਕੁਝ ਨਾ ਕੁਝ ਜ਼ਰੂਰ ਕਰਦਾ ਹੈ। ਉਂਝ ਸਪੱਸ਼ਟ ਹੈ, ਅੱਜ ਦਾ ਇਮਤਿਹਾਨ ਪਹਿਲਾਂ ਵਾਂਗ ਪ੍ਰੀਖਿਆਰਥੀ ਦੇ ਮਨ ਉੱਤੇ ਬੋਝ ਵਾਂਗ ਨਹੀਂ ਹੈ। ਪੇਪਰ ਸੈਟਰ ਵੀ ਇਸ ਮਨਸ਼ੇ ਨਾਲ ਪਰਚਾ ਤਿਆਰ ਕਰਦਾ ਹੈ ਕਿ ਬੱਚਾ ਪਾਸ ਕਰਨਾ ਹੈ। ਇਸੇ ਸੋਚ ਨਾਲ ਵਿਦੇਸ਼ੀ ਸਕੂਲਾਂ ਦੇ ਪਰਚੇ ਹੁੰਦੇ ਹਨ। ਕੋਈ ਫੇਲ੍ਹ ਨਹੀਂ ਹੁੰਦਾ। ਹਾਂ, ਸਾਡੇ ਵਾਂਗ ਪਾਸ ਫੀਸਦੀ ਅਤੇ ਪ੍ਰਾਪਤ ਅੰਕਾਂ ਦੀ ਫੀਸਦੀ ਦੇ ਇਸ਼ਤਿਹਾਰ ਵੀ ਨਹੀਂ ਹੁੰਦੇ। ਬੱਚੇ ਦੀ ਪ੍ਰਾਪਤੀ ਏ ਬੀ ਸੀ ਡੀ (ਅ ਬ ਚ ਦ) ਆਦਿ ਗਰੇਡਾਂ ਨਾਲ ਦੱਸੀ ਜਾਂਦੀ ਹੈ।

ਅੱਜ ਦਾ ਸਕੂਲੀ ਵਿਦਿਆਰਥੀ ਇਮਤਿਹਾਨ ਦੇ 'ਹਊਏ' ਤੋਂ ਮੁਕਤ ਹੈ, ਪਾਸ ਹੋਣ ਦੀ ਗਾਰੰਟੀ ਹੈ, ਪਰ ਨਵੀਂ ਚਿੰਤਾ ਹੈ ਕਿ ਸਕੂਲ ਤੋਂ ਬਾਅਦ ਕੀ ਕਰਨਾ ਹੈ? ਅਜੋਕੀ ਹਾਲਤ ਆਪਣੀ ਵਿਦਿਅਕ ਨੀਤੀ ਤੇ ਪ੍ਰਬੰਧ ਉੱਤੇ ਬਹੁਤ ਸਾਰੇ ਪ੍ਰਸ਼ਨ ਖੜ੍ਹੇ ਕਰਦੀ ਹੈ। ਅੱਜ ਵਿਦਿਆ ਦੇ ਮਕਸਦ ਕੀ ਹਨ? ਕੀ ਉਨ੍ਹਾਂ ਨੂੰ ਚੰਗੀ ਤਰ੍ਹਾਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ? ਕੀ ਇਹ ਢਾਂਚਾ ਉਹਨਾਂ ਮਕਸਦਾਂ ਦੀ ਪੂਰਤੀ ਲਈ ਸੁਯੋਗ ਹੈ? ਕੀ ਅਧਿਆਪਕ ਹਾਸ਼ੀਏ ਉੱਤੇ ਸੁੱਟਣਾ ਵੀ ਇੱਕ ਮਕਸਦ ਹੈ/ਨਹੀਂ? ਅੱਜ ਦੀਆਂ ਓ ਐੱਮ ਆਰ ( ) ਸਿਸਟਮ ਦੀਆਂ ਉੱਤਰ ਪੱਤਰੀਆਂ ਵਿੱਚ ਅਧਿਆਪਕ ਦਾ ਕੰਮ ਕੇਵਲ ਗਿਣਨਾ ਰਹਿ ਗਿਆ ਹੈ, ਮੁਲਾਂਕਣ ਦਾ ਕੋਈ ਸਥਾਨ ਨਹੀਂ, ਸਭ ਪ੍ਰਸ਼ਨ ਅਬਜੈਕਟਿਵ ਟਾਈਪ ਹਨ। ਠੀਕ ਕਿ ਗਲਤ, ਇਹੋ ਕੰਮ ਹੈ, ਤੇ ਪਰਚੇ ਅਧਿਆਪਕ ਕੋਲ ਨਹੀਂ ਜਾਂਦੇ, ਬਲਕਿ ਨਿਯੁਕਤ ਅਧਿਆਪਕ ਮਾਰਕਿੰਗ ਡਿਊਟੀ ਲਈ ਸੈਂਟਰ ਵਿੱਚ ਖੁਦ ਜਾਂਦੇ ਹਨ। ਗਲਤੀ ਦੀ ਗੁੰਜਾਇਸ਼ ਘੱਟ ਹੈ।

ਗੱਲ ਗਲਤੀ ਤੋਂ ਸ਼ੁਰੂ ਹੋਈ ਸੀ। ਗਲਤੀ ਹੋ ਹੀ ਜਾਂਦੀ ਹੈ, ਕੀਤੀ ਭਾਵੇਂ ਨਾ ਹੋਵੇ। ਯੂਨੀਵਰਸਿਟੀ ਵਿੱਚ ਸੈਨਿਟ ਹਾਊਸ ਵਿੱਚ ਟੇਬਲ ਮਾਰਕਿੰਗ ਦੀ ਡਿਊਟੀ ਸੀ। ਮੈਂ ਕੁਝ ਲੇਟ ਪੁੱਜਾ, ਇਸ ਲਈ ਦਿਸ਼ਾ ਨਿਰਦੇਸ਼ ਸੁਣ ਨਹੀਂ ਸਕਿਆ। ਪਰਚਾ ਪ੍ਰੀ-ਮੈਡੀਕਲ ਇੰਗਲਿਸ਼ ਸੀ। ਮੈਂ ਦੇਖਿਆ ਕਿ ਇਸ ਪ੍ਰਸ਼ਨ ਵਿੱਚ ਕੁਝ ਖਾਲੀ ਥਾਵਾਂ ਐਸੀਆਂ ਸਨ, ਜਿੱਥੇ ਇੱਕ ਤੋਂ ਵੱਧ ਉੱਤਰ ਸੰਭਵ ਸਨ, ਪਰ ਹਦਾਇਤਾਂ ਮਤਾਬਕ ਠੀਕ ਇੱਕੋ ਨੂੰ ਸਮਝਿਆ ਜਾ ਰਿਹਾ ਸੀ। ਮੈਂ ਇਸ ਨਾਇਨਸਾਫੀ ਖਿਲਾਫ ਪੇਪਰ ਸੈਟਰ ਨੂੰ ਸ਼ਿਕਾਇਤ ਕਰਨ ਗਿਆ। ਵਾਈਸ ਚਾਂਸਲਰ ਬੈਠੇ ਸਨ, ਉਨ੍ਹਾਂ ਨੂੰ ਮੇਰੀ ਸ਼ਿਕਾਇਤ ਠੀਕ ਲੱਗੀ। ਹਦਾਇਤਾਂ ਦੀ ਸੁਧਾਈ ਹੋਈ। ਪਰਚੇ ਦੁਬਾਰਾ ਦੇਖੇ ਗਏ। ਕਈਆਂ ਨੂੰ ਇੱਕ ਇੱਕ, ਦੋ ਦੋ ਨੰਬਰਾਂ ਦਾ ਲਾਭ ਵੀ ਹੋਇਆ। ਉਦੋਂ ਇੱਕ ਦੋ ਨੰਬਰ ਬਹੁਤ ਸਨ। ਇੱਕ ਪ੍ਰਸ਼ਨ ਸੀ ਲੇਖ ਲਿਖਣ ਵਾਲਾ। ਇੱਥੇ ਐਗਜ਼ਾਮੀਨਰ ਦੇ ਮੁਲਾਂਕਣ ਦੀ ਯੋਗਤਾ ਦਾ ਮਾਮਲਾ ਸੀ। ਛਪੀ ਹੋਈ ਹਦਾਇਤ ਸੀ ਕਿ ਜਿੱਥੇ ਅੰਗਰੇਜ਼ੀ flowless ਹੋਵੇ, ਨੰਬਰ ਪੂਰੇ ਦਿੱਤੇ ਜਾਣ ਤੋਂ ਝਕਣਾ ਨਹੀਂ। ਪਹਿਲਾਂ ਕਿਸੇ ਨੇ ਧਿਆਨ ਨਾ ਦਿੱਤਾ। ਮੈਨੂੰ ਸਮਝ ਨਾ ਪਈ ਕਿ Flowless ਦਾ ਕੀ ਮਤਲਬ ਹੋਇਆ। ਮੈਂ ਫਿਰ ਪੇਪਰ ਸੈਟਰ ਪਾਸ ਗਿਆ। ਅੱਗੇ ਫਿਰ ਵਾਈਸ ਚਾਂਸਲਰ ਬੈਠੇ ਸੀ। ਆਖਣ ਲੱਗੇ, ਜੇ ਗਲਤ ਛਪ ਗਿਆ ਹੈ ਤਾਂ ਆਪਣਾ ਦਿਮਾਗ ਲਾ ਲਓ। ਏ ਦੀ ਥਾਂ ਉੱਤੇ ਓ ਛਪ ਗਿਆ ਸੀ। ਚਾਹੀਦਾ ਸੀ Flawless (ਤਰੁੱਟੀ ਰਹਿਤ)। ਬਾਅਦ ਵਿੱਚ ਪਤਾ ਲੱਗਾ ਕਿ ਵਾਈਸ ਚਾਂਸਲਰ ਖੁਦ ਪੇਪਰ ਸੈਟਰ ਸਨ।

# ਕੁਠਾਲੇ ਦਾ ਸ਼ਹੀਦੀ ਸਾਕਾ

-ਪਰਮਜੀਤ ਸਿੰਘ ਕੁਠਾਲਾ

ਗੁਲਾਮ ਭਾਰਤ ਵਿਚ ਹੁਕਮਰਾਨਾਂ ਨੇ ਦੇਸੀ ਰਾਜੇ-ਮਹਾਰਾਜਿਆਂ ਅਤੇ ਨਵਾਬਾਂ ਨੂੰ ਆਪਣੇ ਅਧੀਨ ਕਰ ਕੇ ਭਾਰਤੀ ਲੋਕਾਂ ਦੀ ਅੰਨ੍ਹੀ ਲੁੱਟ ਕੀਤੀ। ਇਸ ਰਿਆਸਤੀ ਰਾਜ ਪ੍ਰਬੰਧ ਅੰਦਰ ਆਪਣੇ ਅੰਗਰੇਜ਼ ਮਾਲਕਾਂ ਨੂੰ ਖ਼ੁਸ਼ ਕਰਨ ਲਈ ਇਨ੍ਹਾਂ ਰਾਜਿਆਂ ਤੇ ਨਵਾਬਾਂ ਨੇ ਹਰ ਜਨਤਕ ਬਗਾਵਤ ਨੂੰ ਬੜੀ ਬੇਰਹਿਮੀ ਨਾਲ ਕੁਚਲਿਆ। ਰਿਆਸਤਾਂ ਵਿੱਚ ਮਾਲੇਰਕੋਟਲਾ ਦੇ ਨਵਾਬ ਦੇ ਜ਼ੁਲਮਾਂ ਦੀਆਂ ਕਹਾਣੀਆਂ ਭਾਵੇਂ ਆਜ਼ਾਦੀ ਸੰਗਰਾਮ ਦੇ ਕਿਸੇ ਇਤਿਹਾਸ ਦਾ ਉਘੜਵਾਂ ਹਿੱਸਾ ਨਹੀਂ ਬਣੀਆਂ, ਪਰ ਇਸ ਰਿਆਸਤ ਦੇ ਪਿੰਡ ਕੁਠਾਲਾ ਦੀਆਂ ਕੰਧਾਂ ਅਤੇ ਦਰਵਾਜ਼ਿਆਂ ਉੱਤੇ ਲੱਗੀਆਂ ਗੋਲੀਆਂ ਦੇ ਨਿਸ਼ਾਨ ਅੱਜ ਵੀ ਨਵਾਬੀ ਜ਼ੁਲਮਾਂ ਦੀਆਂ ਦਰਦਨਾਕ ਯਾਦਾਂ ਬਿਆਨ ਕਰ ਰਹੇ ਹਨ। ਜਦ ਬਜਬਜ ਘਾਟ, ਜੈਤੋ, ਗੰਗਸਰ, ਨਨਕ-ਾਣਾ ਸਾਹਿਬ ਅਤੇ ਜੱਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕਿਆਂ ਨੇ ਲੋਕਾਂ ਨੂੰ ਭੈਅਭੀਤ ਕੀਤਾ ਹੋਇਆ ਸੀ ਤਾਂ ਸੇਵਾ ਸਿੰਘ ਠੀਕਰੀਵਾਲਾ ਨੇ ਰਿਆਸਤੀ ਕਿਸਾਨ ਘੋਲਾਂ ਨੂੰ ਨਵੀਂ ਸੇਧ ਦਿੱਤੀ। ਮਾਲੇਰਕੋਟਲਾ ਦੇ ਨਵਾਬ ਸਰ ਅਹਿਮਦ ਅਲੀ ਖਾਨ ਨੇ ਆਪਣੇ ਅੰਗਰੇਜ਼ ਮਾਲਕਾਂ ਨੂੰ ਖ਼ੁਸ਼ ਕਰਨ ਲਈ ਰਿਆਸਤ ਦੇ ਕਿਰਤੀਆਂ ਉੱਤੇ ਟੈਕਸਾਂ ਦਾ ਵਾਧੂ ਬੋਝ ਲੱਦ ਦਿੱਤਾ। ਸਿੱਖ ਇਤਿਹਾਸਕਾਰ ਸਰਹਿੰਦ ਸਾਕੇ ਵਿੱਚ ਨਵਾਬ ਮਾਲੇਰਕੋਟਲਾ ਵੱਲੋਂ ਹਾਅ ਦਾ ਨਾਅਰਾ ਮਾਰਨ ਦੇ ਅਹਿਸਾਨ ਵਜੋਂ ਨਵਾਬ ਦੇ ਗੱਦੀ ਨਸ਼ੀਨ ਨਵਾਬਾਂ ਦੇ ਜ਼ੁਲਮਾਂ ਤੋਂ ਅੱਖਾਂ ਮੀਟਦੇ ਰਹੇ, ਪਰ ਮਾਲੇਰਕੋਟਲਾ ਰਿਆਸਤ ਦੇ ਲੋਕ ਅੱਜ ਵੀ ਨਵਾਬੀ ਜ਼ੁਲਮਾਂ ਨੂੰ ਯਾਦ ਕਰ ਕੇ ਕੰਬ ਉਠਦੇ ਹਨ। ਨਵਾਬੀ ਕਾਨੂੰਨ ਮੁਤਾਬਕ ਕੋਈ ਵੀ ਕਿਸਾਨ ਜ਼ਮੀਨ ਦਾ ਮਾਲਕ ਨਹੀਂ ਸੀ। ਨਵਾਬ ਰਿਆਸਤ ਦੀ ਜ਼ਮੀਨ ਦਾ 'ਮਾਲਕ ਆਲ੍ਹਾ' ਸੀ ਅਤੇ ਹਲਵਾਹਕ ਕਿਸਾਨ 'ਅਦਨਾ ਮਾਲਕ' ਮੰਨੇ ਜਾਂਦੇ ਸਨ। ਹਰ ਤਰ੍ਹਾਂ ਦੀ ਜਾਇਦਾਦ ਵੇਚਣ ਤੋਂ ਪਹਿਲਾਂ ਨਵਾਬ ਦੀ ਮਨਜ਼ੂਰੀ ਲਾਜ਼ਮੀ ਸੀ। ਵੇਚੀ ਗਈ ਜਾਇਦਾਦ ਦੀ ਵੱਟਤਦਾ ਅੱਧਾ ਹਿੱਸਾ ਨਵਾਬੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਉਣਾ ਪੈਂਦਾ ਸੀ। ਨਵਾਬ ਵੱਲੋਂ ਆਪਣੇ ਅੰਗਰੇਜ਼ ਮਾਲਕਾਂ ਤੋਂ ਸ਼ਾਬਾਸ਼ ਲੈਣ ਲਈ ਧੱਕੇ ਨਾਲ ਫੌਜ ਵਿੱਚ ਭਰਤੀ ਕੀਤੇ ਪੇਂਡੂ ਨੌਜਵਾਨਾਂ ਦੇ ਜੰਗ ਵਿੱਚ ਮਾਰੇ ਜਾਣ ਪਿੱਛੋਂ ਉਨ੍ਹਾਂ ਦੀਆਂ ਜਾਇਦਾਦਾਂ ਲਵਾਰਸ ਕਰਾਰ ਦੇ ਕੇ ਨਿਲਾਮ ਕਰ ਦਿੱਤੀਆਂ ਜਾਂਦੀਆਂ। ਜ਼ੈਲਦਾਰੀਆਂ ਅਤੇ ਨੰਬਰਦਾਰੀਆਂ ਬੋਲੀ ਲਾ ਕੇ ਵੇਚੀਆਂ ਜਾਂਦੀਆਂ। ਨਵਾਬ ਦੀਆਂ ਨਿੱਤ ਰੋਜ਼ ਦੀਆਂ ਧੱਕੇਸ਼ਾਹੀਆਂ ਨੇ ਕਿਸਾਨਾਂ ਨੂੰ ਲਾਮਬੰਦ ਹੋਣ ਲਈ ਮਜਬੂਰ ਕਰ ਦਿੱਤਾ।

10 ਜਨਵਰੀ 1926 ਨੂੰ ਮਾਲੇ-ਰਕੋਟਲਾ ਰਿਆਸਤ ਦੇ ਕਿਸਾਨ ਆਗੂਆਂ ਨੇ ਪਿੰਡ ਕੁਠਾਲਾ ਵਿੱਚ ਮੀਟਿੰਗ ਦੌਰਾਨ ਜਿਮੀਂਦਾਰਾ ਕਮੇਟੀ ਨਾਂਅ ਦੀ ਜਥੇਬੰਦੀ ਬਣਾ ਕੇ ਜਥੇਦਾਰ ਰਤਨ ਸਿੰਘ ਚੀਮਾ ਨੂੰ ਕਨਵੀਨਰ ਥਾਪ ਦਿੱਤਾ। ਬਾਅਦ ਵਿੱਚ 15 ਮਈ 1926 ਨੂੰ ਜਿਮੀਂਦਾਰਾ ਕਮੇਟੀ ਦੀ ਬਾਕਾਇਦਾ ਚੋਣ ਵਿੱਚ ਨਾਰਾਇਣ ਸਿੰਘ ਕੁਠਾਲਾ ਨੂੰ ਕਮੇਟੀ ਦਾ ਜਥੇਦਾਰ ਚੁਣਿਆ ਗਿਆ। ਹਰਦਿੱਤ ਸਿੰਘ ਕੁੱਪਕਲਾਂ ਨੂੰ ਮੀਤ ਜਥੇਦਾਰ, ਦਿਆ ਸਿੰਘ ਕੋਠਾਲਾ ਨੂੰ ਜਨਰਲ ਸੈਕਟਰੀ, ਪਾਖਰ ਸਿੰਘ ਕੋਠਾਲਾ ਨੂੰ ਜੂਨੀਅਰ ਮੈਨੇਜਰ, ਮੱਲ ਸਿੰਘ ਕੁਠਾਲਾ ਨੂੰ ਮੀਤ ਮੈਨੇਜਰ, ਮਸਤਾਨ ਸਿੰਘ ਕੁਠਾਲਾ ਨੂੰ ਖਜ਼ਾਨਚੀ, ਕਰਮ ਸਿੰਘ ਕੁਠਾਲਾ ਨੂੰ ਮੀਤ ਖਜ਼ਾਨਚੀ ਤੇ ਜੀਵਾ ਸਿੰਘ, ਹਰਭਜਨ ਸਿੰਘ ਹਥੋਆ ਤੇ ਪੰਜਾਬ ਸਿੰਘ ਹਥਣ ਨੂੰ ਕਮੇਟੀ ਦੇ ਮੈਂਬਰ ਬਣਾਇਆ ਗਿਆ। ਸੇਵਾ ਸਿੰਘ ਠੀਕਰੀਵਾਲਾ ਦੀਆਂ ਹਦਾਇਤਾਂ ਉੱਤੇਜਿਮੀਂਦਾਰਾ ਕਮੇਟੀ ਨੇ ਪਿੰਡ-ਪਿੰਡ ਜਲਸੇ ਕਰ ਕੇ ਹਜ਼ਾਰਾਂ ਕਿਸਾਨਾਂ ਨੂੰ ਇਸ ਕਮੇਟੀ ਨਾਲ ਜੋੜ ਲਿਆ। ਕਿਸਾਨਾਂ ਦੀ ਬੇਮਿਸਾਲ ਲਾਮਬੰਦੀ ਨੇ ਨਵਾਬ ਸ਼ਾਹੀ ਨੀਂਦ ਹਰਾਮ ਕਰ ਦਿੱਤੀ। ਜਿਮੀਂਦਾਰਾ ਕਮੇਟੀ ਦਾ ਪਤਾ ਲੱਗਦਿਆਂ ਸਾਰ 15 ਮਈ 1926 ਨੂੰ ਨਵਾਬ ਨੇ ਇੱਕ ਆਦੇਸ਼ ਜਾਰੀ ਕਰ ਕੇ ਕਿਸਾਨਾਂ ਨੂੰ ਮਾਮੂਲੀ ਜ਼ਮੀਨੀ ਹੱਕ ਦੇਣ ਦੇ ਐਲਾਨ ਕਰ ਦਿੱਤਾ, ਪਰ ਕਮੇਟੀ ਦੇ ਆਗੂਆਂ ਨੇ ਨਵਾਬੀ ਹੁਕਮ ਨੂੰ ਕਿਸਾਨਾਂ ਲਈ ਧੋਖਾ ਅਤੇ ਝੂਠ ਦਾ ਪੁਲੰਦਾ ਦੱਸ ਕੇ ਪੂਰੀ ਤਰ੍ਹਾਂ ਰੱਦ ਕਰ ਕੇ ਨਵਾਬ ਸ਼ਾਹੀ ਖਿਲਾਫ ਲੰਮੇ ਘੋਲ ਦਾ ਐਲਾਨ ਕਰ ਦਿੱਤਾ। ਬਰਤਾਨਵੀ ਮਾਲਕਾਂ ਦੀ 'ਪਾੜੋ ਤੇ ਰਾਜ ਕਰੋ' ਨੀਤੀ ਉੱਤੇ ਚੱਲਦਿਆਂ ਨਵਾਬ ਨੇ ਪਿੰਡਾਂ ਵਿੱਚ ਆਪਣੇ ਟੋਡੀ ਲੋਕ ਇਕੱਠੇ ਕਰ ਕੇ 'ਨੈਸ਼ਨਲ ਜਿਮੀਂਦਾਰਾ ਕਮੇਟੀ' ਦੇ ਨਾਂਅ ਹੇਠ 'ਗੁੰਡਾ ਗਿਰੋਹ' ਬਣਾ ਲਿਆ। ਇਸ ਗਿਰੋਹ ਦੇ ਮੈਂਬਰਾਂ ਨੂੰ ਹਰ ਤਰ੍ਹਾਂ ਦੇ ਧੱਕੇ ਉੱਤੇ ਲੁੱਟ ਖੋਹ ਕਰਨ ਦੀ ਪੂਰੀ ਤਰ੍ਹਾਂ ਖੁੱਲ੍ਹ ਦੇ ਦਿੱਤੀ। ਪਿੰਡਾਂ ਵਿਚਜਿਮੀਂਦਾਰਾ ਕਮੇਟੀ ਦੇ ਜੁਝਾਰੂਆਂ ਤੇ ਨੈਸ਼ਨਲ ਕਮੇਟੀ ਦੇ 'ਗੁੰਡਿਆਂ' ਵਿਚਾਲੇ ਸਿੱਧਾ ਟਕਰਾਅ ਹੋਣ ਲੱਗਾ।

ਲੋਕਾਂ ਨੇ ਨੈਸ਼ਨਲ ਕਮੇਟੀ ਵਾਲਿਆਂ ਦਾ ਸਮਾਜਕ ਬਾਈਕਾਟ ਕਰ ਦਿੱਤਾ। ਨਵਾਬੀ ਜ਼ੁਲਮਾਂ ਦੇ ਸਤਾਏ ਕਿਸਾਨਾਂ ਨੇ ਜਮੀਂਦਾਰਾ ਕਮੇਟੀ ਰਾਹੀਂ ਸਾਰੀ ਦਰਦ ਭਰੀ ਦਾਸਤਾਨ ਵਾਇਸਰਾਏ ਹਿੰਦ ਨੂੰ ਸ਼ਿਮਲੇ ਲਿਖ ਭੇਜੀ, 'ਜਿਸ ਦੇ ਜਵਾਬ ਵਿੱਚ 10 ਮਈ 1927 ਨੂੰ ਕਰਨਲ ਐਚ ਬੀ ਸੈਂਟਜਾਨ ਨੇ ਓਦੋਂ ਦੇ ਪ੍ਰਸਿੱਧ ਕਿਸਾਨ ਆਗੂ ਤੇ ਇਤਿਹਾਸਕਾਰ ਗਿਆਨੀ ਕਹਿਰ ਸਿੰਘ ਚੱਕ ਨੂੰ ਲਿਖਤੀ ਤੌਰ ਉੱਤੇ ਸੂਚਿਤ ਕਰ ਕੇ ਜਿਮੀਂਦਾਰਾ ਕਮੇਟੀ ਨੂੰ ਪੂਰੇ ਸਬੂਤਾਂ ਤੇ ਗਵਾਹਾਂ ਸਮੇਤ 31 ਜੁਲਾਈ 1927 ਨੂੰ ਸ਼ਿਮਲੇ ਵਾਇਸਰਾਏ ਹਿੰਦ ਨਾਲ ਮੁਲਾਕਾਤ ਲਈ ਸੱਦਾ ਦਿੱਤਾ। ਇਸੇ ਮੁਲਾਕਾਤ ਦੀ ਤਿਆਰੀ ਦੇ ਲਈ 17 ਜੁਲਾਈ 1927 ਨੂੰ ਰਿਆਸਤ ਦੇ ਮੋਢੀ ਕਿਸਾਨ ਆਗੂਆਂ ਨੇ ਪਿੰਡ ਕੋਠਾਲਾ ਵਿੱਚ ਮੀਟਿੰਗ ਬੁਲਾ ਲਈ। ਗਿਆਨੀ ਕਹਿਰ ਸਿੰਘ ਚੱਕ ਤੇ ਪੰਡਤ ਬਚਨ ਸਿੰਘ ਘਨੌਰ ਵੱਲੋਂ ਤਿਆਰ ਕੀਤਾ ਵਾਇਸਰਾਏ ਹਿੰਦ ਨੂੰ ਦਿੱਤਾ ਜਾਣ ਵਾਲਾ ਮੈਮੋਰੰਡਮ ਇਸ ਮੀਟਿੰਗ ਵਿੱਚ ਪੜ੍ਹ ਕੇ ਅੰਤਿਮ ਰੂਪ ਦਿੱਤਾ ਜਾਣਾ ਸੀ। ਇਸ ਮੀਟਿੰਗ ਦੀ ਸੂਹ ਬਾਈਕਾਟੀਆਂ ਤੋਂ ਨਵਾਬ ਨੂੰ ਮਿਲ ਗਈ। ਅੰਗਰੇਜ਼ ਮਾਲਕਾਂ ਅੱਗੇ ਬਦਨਾਮੀ ਦੇ ਡਰੋਂ ਨਵਾਬ ਨੇ ਕਿਸਾਨਾਂ ਨੂੰ ਸ਼ਿਮਲੇ ਜਾਣ ਦੇ ਸਾਰੇ ਅਧਿਕਾਰ ਆਪਣੇ ਅਹਿਲਕਾਰ ਚੌਧਰੀ ਸੁਲਤਾਨ ਅਹਿਮਦ ਨੂੰ ਸੌਂਪ ਕੇ ਆਪ ਪਹਿਲਾਂ ਸ਼ਿਮਲੇ ਵਾਇਸਰਾਏ ਕੋਲ ਚਲਾ ਗਿਆ। ਨਵਾਬੀ ਪੁਲਸ ਨੇ ਰਾਤੋ-ਰਾਤ ਛਾਪੇ ਮਾਰ ਕੇ ਕਿਸਾਨ ਆਗੂਆਂ ਪੰਡਤ ਬਚਤ ਸਿੰਘ ਘਨੌਰ, ਸੇਵਾ ਸਿੰਘ ਬਾਪਲਾ, ਪੰਡਤ ਬਿਜਲਾ ਸਿੰਘ ਦਰਦੀ, ਜਥੇਦਾਰ ਦਿਆ ਸਿੰਘ ਕੋਠਾਲਾ, ਗੰਡਾ ਸਿੰਘ ਕੁੱਪ, ਗਿਆਨੀ ਕਹਿਰ ਸਿੰਘ ਚੱਕ ਅਤੇ ਜਥੇਦਾਰ ਤ੍ਰਿਲੋਕ ਸਿੰਘ ਕੁਠਾਲਾ ਨੂੰ ਗ੍ਰਿਫਤਾਰ ਕਰ ਕੇ ਰਹਿਮਤਗੜ੍ਹ ਦੇ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ। ਭਾਈ ਜੀਵਾ ਸਿੰਘ ਕੈਲੋਂ ਤੇ ਹੌਲਦਾਰ ਕਿਸ਼ਨ ਸਿੰਘ ਕੋਠਾਲਾ ਨੂੰ ਜਿਮੀਂਦਾਰਾ ਕਮੇਟੀ ਦੇ ਮਾਲੇਰਕੋਟਲਾ ਦਫਤਰ ਵਿੱਚੋਂ ਗ੍ਰਿਫਤਾਰ ਕਰ ਕੇ ਦਫਤਰ ਵਿੱਚ ਪਿਆ ਸਾਰਾ ਰਿਕਾਰਡ ਫੂਕ ਦਿੱਤਾ। ਬਾਅਦ ਵਿੱਚ ਗ੍ਰਿਫਤਾਰ ਕੀਤੇ ਸਾਰੇ ਕਿਸਾਨ ਆਗੂਆਂ ਨੂੰ ਵੀਹ-ਵੀਹ ਸਾਲ ਕੈਦ ਤੇ ਇੱਕ-ਇੱਕ ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ।

ਜਨਰਲ ਮਿਹਰ ਮੁਹੰਮਦ, ਕਰਨਲ ਹਯਾਤ ਮੁਹੰਮਦ, ਸੂਬੇਦਾਰ ਅਕਬਰ ਖਾਨ ਤੇ ਅਸਿਸਟੈਂਟ ਸਰਜਨ ਡਾਕਟਰ ਪੁਰਸ਼ੋਤਮ ਦਾਸ ਦੀ ਕਮਾਨ ਹੇਠ ਭਾਰੀ ਫੌਜੀ ਲਸ਼ਕਰ ਨੇ 17 ਜੁਲਾਈ 1927 ਨੂੰ ਪਿੰਡ ਕੁਠਾਲੇ ਨੂੰ ਘੇਰਾ ਪਾ ਲਿਆ। ਘੋੜਸਵਾਰ ਫੌਜੀ ਪਿੰਡ ਦੀਆਂ ਗਲੀਆਂ ਵਿੱਚ ਗਸ਼ਤ ਕਰਨ ਲੱਗੇ। ਬਿਨਾਂ ਕਿਸੇ ਅਗਾਊਂ ਚਿਤਾਵਨੀ ਦੇ ਨਵਾਬੀ ਫੌਜਾਂ ਨੇ ਭੂਦਨਵਾਲੇ ਦਰਵਾਜ਼ੇ ਕੋਲ ਗੋਲੀਬਾਰੀ ਸ਼ੁਰੂ ਕਰ ਦਿੱਤੀ। ਸਾਰੇ ਪਿੰਡ ਵਿੱਚ ਭਗਦੜ ਮਚ ਗਈ। ਲੋਕਾਂ ਨੂੰ ਘਰਾਂਤੋਂ ਕੱਢ-ਕੱਢ ਤਸ਼ੱਦਦ ਕੀਤਾ ਜਾਣ ਲੱਗਾ। ਰਾਤ ਦੇ ਅੱਠ ਵਜੇ ਤੱਕ ਨਿਹੱਥੇ ਕੋਠਾਲਾ ਵਾਸੀਆਂ ਉਪਰ ਰਜਵਾੜਾਸ਼ਾਹੀ ਦਾ ਜ਼ੁਲਮ ਹੁੰਦਾ ਰਿਹਾ। ਇਸ ਖ਼ੂਨੀ ਕਾਂਡ ਵਿੱਚ 18 ਕਿਸਾਨ ਮੌਕੇ ਉੱਤੇ ਸ਼ਹੀਦ ਕਰ ਦਿੱਤੇ ਗਏ, ਜਿਨ੍ਹਾਂ ਦੀਆਂ ਲਾਸ਼ਾਂ ਟਾਂਗਿਆਂ ਵਿੱਚ ਲੱਦ ਕੇ ਮਾਲੇਰਕੋਟਲਾ ਵਿੱਚ ਮਿੱਟੀ ਦਾ ਤੇਲ ਪਾ ਕੇ ਫੂਕ ਦਿੱਤੀਆਂ। ਜਿਮੀਂਦਾਰਾ ਕਮੇਟੀ ਦੀ ਜਾਂਚ ਰਿਪੋਰਟ ਮੁਤਾ-ਬਕ 120 ਕਿਸਾਨ ਗੰਭੀਰ ਫੱਟੜ ਹੋਏ, ਜਿਨ੍ਹਾਂ ਨੂੰ ਪਿੰਡ ਵਾਸੀਆਂ ਨੇ ਗੱਡਿਆਂ ਵਿੱਚ ਪਾ ਕੇ ਲੁਧਿਆਣੇ ਹਸਪਤਾਲ ਪੁਚਾਇਆ। ਸੈਂਕੜੇ ਪਸ਼ੂ ਘਰਾਂ ਦੀ ਚਾਰ ਦੀਵਾਰੀ ਵਿੱਚ ਕਿੱਲਿਆਂ ਨਾਲ ਬੱਝੇ ਹੀ ਗੋਲੀਆਂ ਨਾਲ ਵਿੰਨ੍ਹ ਦਿੱਤੇ ਗਏ।

ਕੋਠਾਲਾ ਸਾਜ਼ਿਸ਼ ਕੇਸ ਦੇ ਨਾਂਅ ਹੇਠ 168 ਕਿਸਾਨਾਂ ਉੱਤੇ ਮੁਕੱਦਮੇ ਦਰਜ ਕਰ ਕੇ ਨਵਾਬੀ ਤਸੀਹਾ ਕੇਂਦਰਾਂ ਵਿੱਚ ਅੰਨ੍ਹਾ ਤਸ਼ੱਦਦ ਕੀਤਾ ਗਿਆ। ਕੁਠਾਲਾ ਗੋਲੀ ਕਾਂਡ ਬਾਰੇ ਬ੍ਰਿਟਿਸ਼ ਸਰਕਾਰ ਸਾਹਮਣੇ ਕੀਤੀਆਂ ਸ਼ਿਕਾਇਤਾਂ ਦੀ ਜਾਂਚ ਲਈ ਬਣੇ ਸਰਕਾਰੀ ਕਮਿਸ਼ਨ ਅੱਗੇ ਜਿਮੀਂਦਾਰਾ ਕਮੇਟੀ ਦੇ ਆਗੂਆਂ ਵੱਲੋਂ ਨਵਾਬੀ ਫੌਜਾਂ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਕਿਸਾਨਾਂ ਅਤੇ ਫੌਜਾਂ ਵੱਲੋਂ ਕੀਤੀ ਲੁੱਟ ਬਾਰੇ ਕਮੇਟੀ ਦੇ ਆਗੂ ਪੰਡਤ ਬਿਜਲਾ ਸਿੰਘ ਵੱਲੋਂ ਤਿੰਨ ਮਾਰਚ 1928 ਨੂੰ ਪੇਸ਼ ਕੀਤੀ ਰਿਪੋਰਟ ਦੇ ਮੁਤਾਬਕ 17 ਜੁਲਾਈ ਨੂੰ ਨਵਾਬੀ ਫੌਜਾਂ ਦੀ ਗੋਲੀ ਨਾਲ ਕੁਲਾ ਸਿੰਘ (ਅੱਸੀ), ਸੰਤ ਸਿੰਘ (ਪੈਂਤੀ), ਜੈਮਲ ਸਿੰਘ (ਪੰਜਤਾਲੀ), ਤਾਰਾ ਸਿੰਘ (ਸਤ੍ਹਾਰਾਂ), ਹਰੀ ਸਿੰਘ (ਸੱਠ), ਅਰਜਨ ਸਿੰਘ (ਪੰਝੱਤਰ), ਬੀਰ ਸਿੰਘ (ਪੰਜਤਾਲੀ), ਜੀਵਨ ਸਿੰਘ (ਸੱਠ), ਕਾਕਾ ਸਿੰਘ (ਵੀਹ) ਚਤਰ ਸਿੰਘ (ਪੈਂਹਠ), ਕਿਸ਼ਨ ਸਿੰਘ (ਪੰਜਤਾਲੀ), ਨਿੱਕਾ ਸਿੰਘ (ਪੈਂਤੀ), ਰਾਮ ਬਖਸ਼ ਸਿੰਘ (ਪਝੱਤਰ) ਅਤੇ ਭੋਲਾ ਸਿੰਘ (ਪਚਵੰਜਾ) ਸ਼ਹੀਦ ਹੋ ਗਏ। ਦੂਜੇ ਪਾਸੇ ਨੈਸ਼ਨਲ ਕਮੇਟੀ ਦੇ ਮੈਂਬਰਾਂ ਨੂੰ ਨਵਾਬ ਦੀ ਮਦਦ ਕਰਨ ਬਦਲੇ ਨੰਬਰਦਾਰੀਆਂ ਤੇ ਜਗੀਰਾਂ ਬਖਸ਼ ਕੇ ਸਨਮ-ਾਨਿਆ ਗਿਆ।

# ਆਕਸੀਜਨ ਸਿਲੰਡਰ ਫੱਟਣ ਨਾਲ ਦੋ ਜਣਿਆਂ ਦੇ ਚਿੱਥੜੇ ਉਡੇ

ਲੋਹੀਆਂ ਖਾਸ, 20 ਜੁਲਾਈ (ਪੋਸਟ ਬਿਊਰੋ)- ਜਲੰਧਰ-ਫਿਰੋਜ਼ਪੁਰ ਰੇਲਵੇ ਲਾਈਨ ਦੇ ਬਿਜਲਈਕਰਨ ਦੇ ਕੰਮ ਵਿੱਚ ਕੱਲ੍ਹ ਰੇਲਵੇ ਟਰੈਕ ਨੇੜੇ ਸਿਲੰਡਰ ਫਟਣ ਨਾਲ ਦੋ ਵਿਅਕਤੀਆਂ ਦੀ ਮੌਤ ਹੋ ਗਈ। ਹਾਦਸਾ ਨਿੱਜੀ ਕੰਪਨੀ ਦੀ ਅਸਥਾਈ ਵਰਕਸ਼ਾਪ ਵਿੱਚ ਸ਼ਾਮਲ ਕਰੀਬ ਚਾਰ ਵਜੇ ਆਕਸੀਜਨ ਸਿਲੰਡਰ ਫਟਣ ਕਾਰਨ ਹੋਇਆ ਅਤੇਦੋ ਜਣਿਆਂ ਦੀਆਂ ਲਾਸ਼ਾਂ ਦੇ ਚਿੱਥੜੇ ਦੂਰ-ਜਾ ਡਿੱਗੇ।ਕਿਤੇ ਖ਼ੂਨ ਨਾਲ ਲਿਬੜਿਆ ਪੈਰ ਪਿਆ ਸੀ, ਕਿਤੇ ਧੜ। ਇਹ ਸਿਲੰਡਰ ਫਟਣ ਦੀ ਆਵਾਜ਼ ਇੱਕ ਕਿਲੋਮੀਟਰ ਦੂਰ ਤਕ ਸੁਣਾਈ ਦਿੱਤੀ। ਮ੍ਰਿਤਕਾਂ ਦੀ ਪਛਾਣ 23 ਸਾਲਾ ਮਨੋਜ ਕੁਮਾਰ ਪੁੱਤਰ ਰਾਜ ਵੰਸ਼ੀ ਵਾਸੀ ਬਨਿਹਾਨ, ਜ਼ਿਲ੍ਹਾ ਲਖੀਮਪੁਰ ਖੀਰੀ ਤੇ ਰਾਮ ਸੁਖ ਮੌਰਿਆ ਜ਼ਿਲ੍ਹਾ ਬਸਤੀ, ਉਤਰ ਪ੍ਰਦੇਸ਼ ਵਜੋਂ ਹੋਈ ਹੈ।ਰਾਮ ਸੁਖ 15 ਦਿਨ ਪਹਿਲਾਂ ਜਲੰਧਰ ਆਇਆ ਸੀ। ਇਸ ਤੋਂ ਪਹਿਲਾਂ ਉਹ ਦਿੱਲੀ ਵਿੱਚ



ਮਜ਼ਦੂਰੀ ਕਰਦਾ ਸੀ। ਉਸ ਵਿਆਹਿਆ ਹੈ ਤੇ ਉਸ ਦੀਆਂ ਦੋ ਬੇਟੀਆਂ ਹਨਬਿਜਲਈਕਰਨ ਦਾ ਕੰਮ ਕਰ ਰਹੀ ਅਪੈਕਸ ਕੰਪਨੀ ਦੇ ਸੁਪਰਵਾਈਜ਼ਰ ਮਨਜਿੰਦਰ ਸਿੰਘ ਵਾਸੀ ਤਕੀਆ ਦਿਨਾਰਪੁਰ, ਜ਼ਿਲ੍ਹਾ ਪੀਲੀਭੀਤ, ਉਤਰ ਪ੍ਰਦੇਸ਼ ਨੇ ਦੱਸਿਆ ਕਿ ਮਨੋਜ ਕੁਮਾਰ, ਹੈਲਪਰ ਰਾਮ ਸੁਖਤੇ ਉਸ ਦਾ ਤੀਸਰਾ ਸਾਥੀ ਰਣਜੀਤ ਸਿੰਘ ਵੈਲਡਿੰਗ ਦੌਰਾਨ ਆਕਸੀਜਨ ਗੈਸ ਸਿਲੰਡਰ ਦਾ ਰੈਗੂਲੇਟਰ ਬਦਲ ਰਹੇ ਸਨ ਤਾਂ ਰਣਜੀਤ ਸਿੰਘ ਸਾਈਡ ਉੱਤੇ ਚਲਾ ਗਿਆ ਅਤੇ ਆਕਸੀਜਨ ਦਾ ਸਿਲੰਡਰ ਫਟ ਗਿਆ।ਸਿਲੰਡਰ ਫਟਣ ਨਾਲ ਧਮਾਕਾ ਹੋਇਆ ਅਤੇ ਮਨੋਜ ਕੁਮਾਰ ਤੇ ਰਾਮ ਸੁਖ ਦੇ ਸਰੀਰ ਦੇ ਟੁਕੜੇ ਹੋ ਗਏ ਅਤੇ ਦੂਰ-ਦੂਰ ਜਾ ਡਿੱਗੇ। ਰਣਜੀਤ ਸਿੰਘ ਕਿਸੇ ਤਰ੍ਹਾਂ ਬਚ ਗਿਆ। ਰੇਲਵੇ ਪੁਲਸ ਦੇ ਡੀ ਐਸ ਪੀ ਓਮ ਪ੍ਰਕਾਸ਼ ਨੇ ਦੱਸਿਆ ਕਿ ਸਿਲੰਡਰ ਫਟਣ ਦੇ ਕਾਰਨ ਪਤਾ ਲਾ ਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਤੇਜ਼ਧਾਰ ਹਥਿਆਰਾਂ ਨਾਲ ਨੌਜਵਾਨ ਦਾ ਕਤਲ

ਮਜੀਠਾ, 20 ਜੁਲਾਈ (ਪੋਸਟ ਬਿਊਰੋ)- ਏਥੋਂ ਸਿਰਫ ਸੱਤ-ਅੱਠ ਕਿਲੋਮੀਟਰ ਦੀ ਦੂਰ ਪਿੰਡ ਗਾਲੋਵਾਲੀ ਕੁਲੀਆਂ ਵਿਖੇ ਕੱਲ੍ਹ ਰਾਤ ਇੱਕ ਨੌਜਵਾਨ ਦਾ ਕਿਸੇ ਮਾਮੂਲੀ ਝਗੜੇ ਦੌਰਾਨ ਕਤਲ ਕਰ ਦਿੱਤਾ ਗਿਆ।

ਮਜੀਠਾ ਪੁਲਸ ਨੂੰ ਦਿੱਤੇ ਬਿਆਨ ਵਿੱਚ ਕਰਨਜੀਤ ਸਿੰਘ ਪੁੱਤਰ ਹਰਜੀਤ ਸਿੰਘ ਨੇ ਦੱਸਿਆ ਕਿ ਉਹ ਗਾਲੋਵਾਲੀ ਦਾ ਵਾਸੀ ਹੈ ਤੇ ਉਹ ਤਿੰਨ ਭਰਾ ਸਨ, ਜਿਨ੍ਹਾਂ ਵਿੱਚੋਂ ਸਭ ਤੋਂ ਵੱਡਾ ਅੰਮ੍ਰਿਤਪਾਲ ਸਿੰਘ ਉਸ ਤੋਂ ਬਾਅਦ ਉਹ ਤੇ ਸਭ ਤੋਂ ਛੋਟਾ ਭਰਾ ਪਵਨਜੀਤ ਸਿੰਘ ਹੈ। ਬੀਤੀ ਰਾਤ ਪਿੰਡ ਵਿੱਚ ਕਰਣ ਪੁੱਤਰ ਸ਼ਿਵ ਕੁਮਾਰ ਦੀ ਲੜਕੀ ਦੇ ਜਨਮ ਦਿਨ ਦੀ ਪਾਰਟੀ ਸੀ ਤੇ ਵੱਡਾ ਭਰਾ ਅੰਮ੍ਰਿਤ ਪਾਲ ਉਸ ਪਾਰਟੀ ਵਿੱਚ ਸ਼ਾਮਲ ਹੋਣ ਲਈ ਗਿਆ ਸੀ। ਰਾਤ ਨੌਂ ਵਜੇ ਉਨ੍ਹਾਂ ਦੇ ਪਿਤਾ ਹਰਜੀਤ ਸਿੰਘ, ਕਰਨਜੀਤ ਤੇ ਉਸ ਦਾ ਛੋਟਾ ਭਰਾ ਪਵਨਜੀਤ ਆਪਣੇ ਭਰਾ ਅੰਮ੍ਰਿਤਪਾਲ ਸਿੰਘ ਨੂੰਪਾਰਟੀ ਵਾਲੇ ਘਰ ਤੋਂ ਲੈਣ ਲਈ ਗਏ ਤਾਂ ਦੇਖਿਆ ਕਿ ਅਜੈ ਪੁੱਤਰ ਪ੍ਰਕਾਸ਼, ਸੂਰਜ ਪੁੱਤਰ ਰਾਮਪਾਲ, ਸੰਜੇ ਪੁੱਤਰ ਵਿਜੇਪਾਲ ਤੇ ਪਿੰਡ ਦਾ ਮੌਜੂਦਾ ਸਰਪੰਚ ਦੀਪਕ ਅੰਮ੍ਰਿਤਪਾਲ ਨਾਲ ਕਿਸੇ ਗੱਲੋਂ ਬਹਿਸ ਰਹੇ ਸਨ। ਜਦੋਂ ਉਨ੍ਹਾਂ ਨੇ ਇਨ੍ਹਾਂ ਨੂੰ ਰੋਕਿਆ ਤਾਂ



ਮੌਜੂਦਾ ਸਰਪੰਚ ਦੀਪਕ ਨੇ ਲਲਕਾਰਾ ਮਾਰਦਿਆਂ ਕਿਹਾ ਕਿ ਸਾਡੇ ਨਾਲ ਬਹਿਸ ਦਾ ਅੱਜ ਨਤੀਜਾ ਦੱਸਾਂਗੇ।ਇਸ ਤੋਂ ਬਾਅਦ ਪਰਵਾਰ ਦੇ ਰੋਕਦੇ-ਰੋਕਦੇ ਹੀ ਅਜੈ ਅਤੇ ਸੂਰਜ ਨੇ ਪਵਨਜੀਤ ਨੂੰ ਬਾਹਾਂ ਤੋਂ ਫੜ ਲਿਆ ਤੇ ਸੰਜੇ ਨੇ ਦਾਤਰ ਨਾਲ ਵਾਰ ਕਰ ਕੇ ਉਸ ਨੂੰ ਲਹੂ ਲੁਹਾਨ ਕਰ ਦਿੱਤਾ ਤਾਂ ਉਹ ਜ਼ਮੀਨ ਉੱਤੇ ਡਿੱਗ ਪਿਆ। ਪਰਵਾਰ ਵਾਲੇ ਉਸ ਨੂੰ ਹਸਪਤਾਲ ਲੈ ਕੇ ਗਏ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮਜੀਠਾ ਥਾਣਾ ਪੁਲਸ ਨੇ ਉਕਤ ਸਾਰੇ ਮੁਲਜ਼ਮਾਂ ਖਿਲਾਫ ਪਰਚਾ ਦਰਜ ਕਰ ਕੇ ਗ੍ਰਿਫਤਾਰੀ ਲਈ ਛਾਪੇਮਾਰੀ ਤੇਜ਼ ਕਰ ਦਿੱਤੀ ਹੈ।

# ਨਾਜਾਇਜ਼ ਸੰਬੰਧਾਂ ਕਾਰਨ ਪਤਨੀ ਦਾ ਕਤਲ

ਆਦਮਪੁਰ, 20 ਜੁਲਾਈ (ਪੋਸਟ ਬਿਊਰੋ)- ਪਿੰਡ ਖੁਰਦਪੁਰ ਦੇ ਹਰਮੇਸ਼ ਲਾਲ ਉਰਫ ਅਸ਼ੋਕਾ ਪੁੱਤਰ ਮਲਕੀਤ ਚੰਦ ਬੈਂਸ ਨੇ ਪਤਨੀ ਅੰਜਲੀ (30) ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਅਤੇ ਫਿਰ ਪੁਲਸ ਨੂੰ ਆਤਮਸਮਰਪਣ ਕਰ ਦਿੱਤਾ। ਥਾਣਾ ਆਦਮਪੁਰ ਦੀ ਪੁਲਸ ਨੇ ਘਟਨਾ ਵਾਲੀ ਜਗ੍ਹਾ ਪਹੁੰਚ ਕੇ ਲਾਸ਼ ਕਬਜ਼ੇ ਵਿੱਚ ਲੈ ਲਈ ਹੈ।

ਦੋਸ਼ੀ ਨੇ ਦੱਸਿਆ ਕਿ ਉਸ ਦੀ ਪਤਨੀ ਚਰਿੱਤਰਹੀਣ ਸੀ ਜਿਸ ਨੂੰ ਵਾਰ-ਵਾਰ ਸੁਧਾਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਸੁਧਰੀ ਨਹੀਂ, ਜਿਸ ਕਾਰਨ ਉਸ ਨੇ ਆਪਣੀ ਪਤਨੀ ਦਾ ਕਤਲ ਕਰ ਦਿੱਤਾ ਹੈ।ਹਰਮੇਸ਼ ਲਾਲ ਅਤੇ ਅੰਜਲੀ ਦਾ ਵਿਆਹ ਕਰੀਬ ਅੱਠ ਸਾਲ ਪਹਿਲਾਂ ਹੋਇਆ ਸੀ ਅਤੇ ਦੋਵਾਂ ਦਾ ਇਹ ਦੂਸਰਾ ਵਿਆਹ ਸੀ। ਪਹਿਲੇ ਵਿਆਹ ਤੋਂ ਅੰਜਲੀ ਦੀ ਇੱਕ ਲੜਕੀ ਅਤੇ ਹਰਮੇਸ਼ ਲਾਲ ਦੇ ਪਹਿਲੇ ਵਿਆਹ ਤੋਂ ਇੱਕ ਲੜਕਾ ਤੇ



ਲੜਕੀ ਸਨ। ਹਰਮੇਸ਼ ਲਾਲ ਆਦਮਪੁਰ ਵਿੱਚ ਕੱਪੜੇ ਦੀ ਦੁਕਾਨ ਉੱਤੇ ਨੌਕਰੀ ਕਰਦਾ ਸੀ।ਮ੍ਰਿਤਕਾ ਦੀ ਮਾਂ ਆਸ਼ਾ ਰਾਣੀ ਪਤਨੀ ਕੁਲਵੰਤ ਸਿੰਘ ਵਾਸੀ ਪੂਰਨਪੁਰ ਜਲੰਧਰ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਜਵਾਈ ਹਰਮੇਸ਼ ਲਾਲ ਦੇ ਕਿਸੇ ਔਰਤ ਨਾਲ ਨਾਜਾਇਜ਼ ਸੰਬੰਧ ਸਨ ਤੇ ਉਸ ਨੇ ਕਈ ਵਾਰ ਮੇਰੀ ਲੜਕੀ ਅੰਜਲੀ ਨਾਲ ਮਾਰਕੁੱਟ ਕੀਤੀ ਸੀ, ਪਰ ਪੰਚਾਇਤ ਹਰ ਵਾਰ ਰਾਜ਼ੀਨਾਮਾ ਕਰਵਾ ਦਿੰਦੀ ਸੀ। ਉਸ ਨੇ ਹਰਮੇਸ਼ ਲਾਲ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ। ਪੁਲਸ ਨੇ ਹਰਮੇਸ਼ ਲਾਲ ਨੂੰ ਗ੍ਰਿਫਤਾਰ ਕਰ ਕੇ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


# ਗਿਲਜੀਆਂ ਦੇ ਭਤੀਜੇ ਦਲਜੀਤ ਨੇ ਰਿਸ਼ਵਤ ਲੈਣ ਦੀ ਗੱਲ ਮੰਨੀ

ਚੰਡੀਗੜ੍ਹ, 20 ਜੁਲਾਈ (ਪੋਸਟ ਬਿਊਰੋ)- ਪੰਜਾਬ ਵਿੱਚ ਕਾਂਗਰਸ ਸਰਕਾਰ ਵਿੱਚ ਜੰਗਲਾਤ ਮੰਤਰੀ ਰਹੇ ਸੰਗਤ ਸਿੰਘ ਗਿਲਜੀਆਂ ਦੇ ਭਤੀਜੇ ਦਲਜੀਤ ਸਿੰਘ ਨੇ ਵਿਜੀਲੈਂਸ ਕੋਲ ਮੰਨਿਆ ਹੈ ਕਿ ਉਸ ਨੇ ਟ੍ਰੀ ਗਾਰਡ ਦੀ ਖਰੀਦ ਵਿੱਚ ਰਿਸ਼ਵਤ ਲਈ ਸੀ। ਵਿਜੀਲੈਂਸ ਅਧਿਕਾਰੀਆਂ ਦੇ ਮੁਤਾਬਕ ਇਸ ਕੇਸ ਵਿੱਚ ਉਨ੍ਹਾਂ ਠੇਕੇਦਾਰਾਂ ਦੀ ਸੂਚੀ ਬਣਾਈ ਜਾ ਰਹੀ ਹੈ, ਜਿਨ੍ਹਾਂ ਤੋਂ ਇਹ ਪੈਸਾ ਲਿਆ ਗਿਆ ਸੀ। ਸਾਰੇ ਠੇਕੇਦਾਰਾਂ ਨੂੰ ਸੰਮਨ ਜਾਰੀ ਕੀਤੇ ਜਾ ਰਹੇ ਹਨ।

ਪਤਾ ਲੱਗਾ ਹੈ ਕਿ ਰਿਸ਼ਵਤ ਦੇ ਪੈਸੇ ਲੈਣ ਲਈ ਦਲਜੀਤ ਸਿੰਘ ਨੇ ਹਿਸਾਰ (ਹਰਿਆਣਾ) ਦੇ ਇੱਕ ਦਲਾਲ ਬਿੰਦਰ ਸਿੰਘ ਨੂੰ ਰੱਖਿਆ ਸੀ, ਜਿਹੜਾ ਉਗਰਾਹੀ ਕਰਦਾ ਸੀ। ਇਸ ਕੇਸ ਵਿੱਚ ਕਈ ਅਹਿਮ ਗੱਲ ਪਤਾ ਲੱਗ ਸਕਦੀਆਂ ਹਨ। ਵਿਜਲੈਂਸ ਕੁਝ ਠੇਕੇਦਾਰਾਂ ਦੇ ਬਿਆਨ ਵੀ ਦਰਜ ਕਰ ਰਹੀ ਹੈ। ਇਸ ਵਿੱਚ ਵਿਭਾਗ ਦੇ ਕੁਝ ਮੁਲਾਜ਼ਮਾਂ ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਵਰਨਣ ਯੋਗ ਹੈ ਕਿ ਵਿਜੀਲੈਂਸ ਨੇ ਬੀਤੇ ਦਿਨੀਂ ਦਲਜੀਤ ਸਿੰਘ ਨੂੰ ਚੰਡੀਗੜ੍ਹ ਦੇ ਸੈਕਟਰ 37 ਤੋਂ ਗ੍ਰਿਫਤਾਰ ਕੀਤਾ ਸੀ ਅਤੇ ਉਸ ਦੇ ਚਾਚੇ ਤੇ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਖਿਲਾਫ ਵੀ ਕੇਸ ਦਰਜ ਕੀਤਾ ਜਾ ਚੁੱਕਿਆ ਹੈ।ਦਲਜੀਤ ਸਿੰਘ ਨੇ ਪੁੱਛਗਿੱਛ ਵਿੱਚ



ਦੱਸਿਆ ਕਿ ਇੱਕ ਟ੍ਰੀ-ਗਾਰਡ 2400 ਰੁਪਏਦਾ ਖਰੀਦਿਆ ਜਾਂਦਾ ਸੀ, ਜਿਸ ਵਿੱਚੋਂ ਅੱਠ ਸੌ ਰੁਪਏ ਕਮਿਸ਼ਨ ਲਿਆ ਜਾਂਦਾ ਸੀ। ਟ੍ਰੀ ਗਾਰਡ ਘੋਟਾਲਾ 2021 ਵਿੱਚ ਕੈਪਟਨ ਅਮਰਿੰਦਰ ਸਿੰਘ ਦੇ ਰਾਜ ਵਿੱਚ ਹੋਇਆ ਸੀ। ਉਦੋਂ ਸਾਧੂ ਸਿੰਘ ਧਰਮਸੋਤ ਜੰਗਲਾਤ ਮੰਤਰੀ ਸਨ। ਇਸ ਪਿੱਛੋਂ ਕੈਪਟਨ ਦੀ ਥਾਂ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਬਣੇ ਤਾਂ ਧਰਮਸੋਤ ਦੀ ਛੁੱਟੀ ਹੋ ਗਈ। ਉਨ੍ਹਾਂ ਦੀ ਥਾਂ ਸੰਗਤ ਸਿੰਘ ਗਿਲਜੀਆਂ ਨੂੰ ਜੰਗਲਾਤ ਮੰਤਰੀ ਬਣਾਇਆ ਗਿਆ ਸੀ। ਉਹ ਕਰੀਬ ਸਵਾ ਤਿੰਨ ਮਹੀਨੇ ਪੰਜਾਬ ਦੇ ਜੰਗਲਾਤ ਮੰਤਰੀ ਰਹੇ ਤੇ ਧਰਮਸੋਤ ਦੇ ਸਮੇਂ ਤੋਂ ਠੱਗੀਆਂ ਜਾਰੀ ਰੱਖੀਆਂ। ਗਿਲਜੀਆਂ ਉੱਤੇ ਦੋਸ਼ ਹੈ ਕਿ ਉਸ ਨੇ ਟ੍ਰੀ ਗਾਰਡ ਘੋਟਾਲੇ ਵਿੱਚ ਛੇ ਕਰੋੜ ਦੀ ਗੜਬੜੀ ਕੀਤੀ ਹੈ। ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਵੀ ਇਸ ਘੋਟਾਲੇ ਵਿੱਚ ਨਾਮਜ਼ਦ ਹੈ ਤੇ ਉਹ ਅਜੇ ਜੇਲ੍ਹ ਵਿੱਚ ਹੈ।



# ਪਤਨੀ ਦਾ ਕਤਲ ਕਰ ਕੇ ਲਾਸ਼ ਪੇਟੀ ਵਿੱਚ ਰੱਖੀ

ਪਾਇਲ, 20 ਜੁਲਾਈ (ਪੋਸਟ ਬਿਊਰੋ)- ਇੱਥੇ ਪਿੰਡ ਰੌਣੀ ਵਿੱਚ ਇੱਕ ਵਿਅਕਤੀ ਨੇ ਆਪਣੀ ਪਤਨੀ ਦਾ ਕਤਲ ਕਰ ਕੇ ਲਾਸ਼ ਪੇਟੀ ਵਿੱਚ ਲੁਕੋ ਦਿੱਤੀ, ਜਿਸ ਨੂੰ ਮ੍ਰਿਤਕਾ ਦੇ ਪਰਵਾਰ ਨੇ ਪੁਲਸ ਦੀ ਮਦਦ ਨਾਲ ਕਢਵਾਇਆ ਹੈ।

ਪੀੜਤ ਪਰਵਾਰ ਨੇ ਦੱਸਿਆ ਕਿ ਜਸਵਿੰਦਰ ਸਿੰਘ ਅਕਸਰ ਆਪਣੀ ਪਤਨੀ ਨਾਲ ਕੁੱਟਮਾਰ ਕਰਦਾ ਸੀ। ਸ਼ੁੱਕਰਵਾਰ ਉਹ ਆਪਣੀ ਪਤਨੀ ਨੂੰ ਮਨਾ ਕੇ ਘਰ ਲੈ ਕੇ ਆਇਆ ਸੀ। ਕੱਲ੍ਹ ਸ਼ਾਮ ਤੋਂ ਕੁਲਵਿੰਦਰ ਕੌਰ ਦਾ ਫੋਨ ਬੰਦ ਆਉਣ ਤੋਂ ਪੇਕਾ ਪਰਵਾਰ ਚਿੰਤਤ ਸੀ। ਉਨ੍ਹਾਂ ਨੇ ਜਦੋਂ ਜਸਵਿੰਦਰ ਸਿੰਘ ਤੋਂ ਕੁਲਵਿੰਦਰ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਫੋਨ ਬੰਦ ਕਰ ਲਿਆ। ਸ਼ੱਕ ਪੈਣ ਉੱਤੇ ਕੁਲਵਿੰਦਰ ਕੌਰ ਦੇ ਪੇਕੇ ਉਸ ਦੇ ਪਿੰਡ ਰੌਣੀ ਗਏ। ਘਰ ਨੂੰ ਤਾਲਾ ਲੱਗਾ ਦੇਖ ਕੇ ਸਰਪੰਚ ਦੀ ਮਦਦ ਨਾਲ ਉਹ ਪੁਲਸ ਚੌਕੀ ਗਏ। ਓਥੇ ਚੌਕੀ ਇੰਚਾਰਜ ਨੇ ਉਨ੍ਹਾਂ ਨਾਲ ਆ ਕੇ ਦੇਖਿਆ ਤਾਂ ਜਸਵਿੰਦਰ



ਸਿੰਘ ਮੇਨ ਗੇਟ ਨੂੰ ਬਾਹਰੋਂ ਤਾਲਾ ਲਾ ਕੇ ਅੰਦਰ ਕਮਰੇ ਵਿੱਚ ਬੈਠਾ ਸੀ। ਜਦੋਂ ਘਰ ਦੀ ਤਲਾਸ਼ੀ ਲਈ ਤਾਂ ਕੁਲਵਿੰਦਰ ਕੌਰ ਦੀ ਲਾਸ਼ ਪੇਟੀ ਵਿੱਚੋਂ ਮਿਲੀ ਗਈ। ਪੁਲਸ ਨੇ ਲਾਸ਼ ਕਬਜ਼ੇ ਵਿੱਚ ਲੈ ਕੇ ਜਸਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁਲਜ਼ਮ ਅਜੇ ਕਤਲ ਬਾਰੇ ਮੰਨਿਆ ਨਹੀਂ ਤੇ ਇਹੀ ਕਹਿ ਰਿਹਾ ਸੀ ਕਿ ਕਿਸੇ ਗੁਆਂਢੀ ਨੇ ਉਸ ਦੀ ਪਤਨੀ ਨੂੰ ਮਾਰ ਕੇ ਲਾਸ਼ ਅੰਦਰ ਰੱਖੀ ਹੋਵੇਗੀ। ਜਸਵਿੰਦਰ ਸਿੰਘ ਦਾ ਇਹ ਤੀਜਾ ਵਿਆਹ ਸੀ।

# ਨਸ਼ੀਲਾ ਟੀਕਾ ਲਾ ਕੇ ਨੌਜਵਾਨ ਦਾ ਕਤਲ

ਮਾਛੀਵਾੜਾ, 20 ਜੁਲਾਈ (ਪੋਸਟ ਬਿਊਰੋ)- ਨੇੜਲੇ ਪਿੰਡ ਮਾਣੇਵਾਲ ਦੇ ਨੌਜਵਾਨ ਮਨਪ੍ਰੀਤ ਸਿੰਘ ਉਰਫ ਹੈਪਾ (21) ਦਾ ਕਤਲ ਕਰ ਕੇ ਉਸ ਦੀ ਲਾਸ਼ ਖੇਤਾਂ ਵਿੱਚ ਸੁੱਟੀ ਹੋਈ ਮਿਲੀ ਹੈ। ਪੁਲਸ ਨੇ ਇਸ ਅੰਨ੍ਹੇ ਕਤਲ ਦੀ ਗੁੱਥੀ ਨੂੰ ਕੁਝ ਹੀ ਘੰਟਿਆਂ ਵਿੱਚ ਸੁਲਝਾ ਕੇ ਚਾਰ ਜਣਿਆਂ, ਜਿਨ੍ਹਾਂ ਵਿੱਚ ਬੇਅੰਤ ਕੌਰ, ਸਰਵਣ ਸਿੰਘ (ਦੋਵੇਂ ਭੈਣ ਭਰਾ) ਗੁਰਲਾਲ ਅਤੇ ਕਾਲਾ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਡੀ ਐਸ ਪੀ ਵਰਿਆਮ ਸਿੰਘ ਨੇ ਦੱਸਿਆ ਕਿ ਕੱਲ੍ਹ ਰਾਤ ਮਾਛੀਵਾੜਾ ਪੁਲਸ ਨੂੰ ਸੂਚਨਾ ਮਿਲੀ ਕਿ ਇੱਕ ਨੌਜਵਾਨ ਦੀ ਲਾਸ਼ ਪਿੰਡ ਮਾਣੇਵਾਲ ਦੇ ਖੇਤਾਂ ਵਿੱਚ ਪਈ ਹੈ। ਉਸ ਦੀ ਪਛਾਣ ਮਨਪ੍ਰੀਤ ਸਿੰਘ ਉਰਫ ਹੈਪਾ ਵਜੋਂ ਹੋਈ ਹੈ। ਜਾਂਚ ਦੌਰਾਨ ਪਤਾ ਲੱਗਾ ਕਿ ਮਨਪ੍ਰੀਤ ਸਿੰਘ ਨੇ ਕੱਲ੍ਹ ਦੁਪਹਿਰੋਂ ਪਹਿਲਾਂ ਆਪਣੇ ਦੋਸਤਾਂ ਨਾਲ ਸ਼ਰਾਬ ਪੀਤੀ ਅਤੇ ਫਿਰ ਪਿੰਡ ਦੇ ਬਾਹਰ ਖੇਤਾਂ ਵਿੱਚ ਘਰ ਬਣਾ ਕੇ ਰਹਿੰਦੀ ਔਰਤ ਬੇਅੰਤ ਕੌਰ, ਜੋ ਚਿੱਟਾ ਵੇਚਣ ਦਾ ਕੰਮ ਕਰਦੀ ਹੈ, ਦੇ ਘਰ ਚਲਾ ਗਿਆ। ਮਨਪ੍ਰੀਤ ਸਿੰਘ ਦੀ ਜੇਬ ਵਿੱਚ ਪੰਜ ਹਜ਼ਾਰ ਰੁਪਏ ਸਨ ਅਤੇ ਉਸ ਨੇ ਸ਼ਰਾਬ ਦਾ ਨਸ਼ਾ ਕੀਤਾ ਹੋਇਆ ਸੀ ਅਤੇ ਬੇਅੰਤ ਕੌਰ ਨੇ ਆਪਣੇ ਭਰਾ ਸਰਵਣ ਸਿੰਘ, ਗੁਰਲਾਲ ਸਿੰਘ ਤੇ ਹੋਰਨਾਂ ਨਾਲ ਮਿਲ ਕੇ ਮਨਪ੍ਰੀਤ ਨੂੰ ਨਸ਼ੇ ਦਾ ਟੀਕਾ ਲਾ



ਦਿੱਤਾ, ਜਿਸ ਨਾਲ ਉਸ ਦੀ ਮੌਤ ਹੋ ਗਈ। ਉਸ ਦਾ ਕਤਲ ਕਰਨ ਤੋਂ ਬਾਅਦ ਇਨ੍ਹਾਂ ਸਾਰਿਆਂ ਨੇ ਉਸ ਦੀ ਲਾਸ਼ ਨੇੜੇ ਹੀ ਖੇਤਾਂ ਵਿੱਚ ਸੁੱਟ ਦਿੱਤੀ ਤਾਂ ਜੋ ਉਨ੍ਹਾਂ ਉੱਤੇ ਇਸ ਘਟਨਾ ਦਾ ਸ਼ੱਕ ਨਾ ਪਵੇ।ਮ੍ਰਿਤਕ ਮਨਪ੍ਰੀਤ ਸਿੰਘ ਦੇ ਪਰਵਾਰਨੇ ਦੱਸਿਆ ਕਿ ਘਰ ਵਿੱਚ ਉਸ ਦੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ ਕਿਉਂਕਿ ਉਸ ਦੇ ਰਿਸ਼ਤੇ ਦੀ ਗੱਲ ਤੈਅ ਹੋ ਚੁੱਕੀ ਸੀ ਅਤੇ ਐਤਵਾਰ ਨੂੰ ਸਾਦੇ ਢੰਗ ਨਾਲ ਵਿਆਹ ਕੀਤਾ ਜਾਣਾ ਸੀ, ਪਰ ਉਸ ਦਾ ਕਤਲ ਹੋ ਗਿਆ।ਮਨਪ੍ਰੀਤ ਦੇ ਪਿਤਾ ਸੋਹਣ ਸਿੰਘ ਦੇ ਬਿਆਨਾਂ ਉੱਤੇ ਮਾਛੀਵਾੜਾ ਪੁਲਸ ਨੇ ਚਾਰ ਜਣਿਆਂ ਉੱਤੇ ਕੇਸ ਦਰਜ ਕੀਤਾ ਹੈ। ਡੀ ਐਸ ਪੀ ਨੇ ਦੱਸਿਆ ਕਿ ਅਜੇ ਤਕ ਕਿਸੇ ਦੋਸ਼ੀ ਦੀ ਗ੍ਰਿਫਤਾਰੀ ਨਹੀਂ ਹੋਈ, ਪਰ ਜਲਦੀ ਹੀ ਸਭ ਨੂੰ ਕਾਬੂ ਕਰ ਲਿਆ ਜਾਵੇਗਾ।

# ਪੰਜਾਬ ਵਿੱਚ 1 ਤੋਂ ਸਾਰੀਆਂ ਯਾਤਰੀ ਗੱਡੀਆਂ ਵਿੱਚ ਵੀ ਐਲ ਟੀ ਡੀ ਸਿਸਟਮ ਲੱਗੇਗਾ

ਚੰਡੀਗੜ੍ਹ, 20 ਜੁਲਾਈ (ਪੋਸਟ ਬਿਊਰੋ)- ਜਨਤਕ ਟਰਾਂਸਪੋਰਟ ਸਿਸਟਮਨੂੰ ਸੁਚਾਰੂ ਚਲਾਉਣਾ ਯਕੀਨੀ ਕਰਨ ਅਤੇ ਸੂਬੇ ਵਿੱਚ ਸਾਰੇ ਵਾਹਨਾਂ ਦੀ ਪ੍ਰਭਾਵਸ਼ਾਲੀ ਢੰਗ ਨਾਲ ਨਿਗਰਾਨੀ ਵਾਸਤੇ ਪੰਜਾਬ ਸਰਕਾਰ ਵੱਲੋਂ ਇੱਕ ਅਗਸਤ 2022 ਤੋਂਸਾਰੇ ਯਾਤਰੀ ਸੇਵਾ ਵਾਹਨਾਂ, ਜਿਵੇਂ ਬੱਸਾਂ, ਮਿੰਨੀ ਬੱਸਾਂ ਅਤੇ ਟੈਕਸੀਆਂ ਵਿੱਚ ਵਹੀਕਲ ਲੋਕੇਸ਼ਨ ਟ੍ਰੈਕਿੰਗ ਡਿਵਾਈਸ (ਵੀ ਐਲ ਟੀ ਡੀ) ਸਿਸਟਮ ਸ਼ੁਰੂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸੂਬਾ ਸਰਕਾਰ ਨੇ 'ਇੱਕ ਬੱਸ ਇੱਕ ਪਰਮਿਟ' ਨੂੰ ਵਾਹਨ ਪੋਰਟਲ ਨਾਲ ਜੋੜਨ ਦਾ ਫੈਸਲਾ ਵੀ ਕਰ ਲਿਆ ਹੈ।

ਰੀਜ਼ਨਲ ਟਰਾਂਸਪੋਰਟ ਅਥਾਰਟੀਜ਼ ਦੇ ਦਫਤਰਾਂ ਦੇ ਕੰਮ-ਕਾਜ ਦੀ ਸਮੀਖਿਆ ਬਾਰੇ ਮੀਟਿੰਗ ਦੌਰਾਨ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ



ਪਰਮਿਟ ਹੋਲਡਰਜ਼ ਨੂੰ ਵਾਹਨ ਪੋਰਟਲ ਉੱਤੇ ਮੋਟਰ ਵਾਹਨ ਟੈਕਸ ਜਮ੍ਹਾਂ ਕਰਾਉਣ ਦੀ ਅਪੀਲ ਕਰਦੇ ਵਕਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਵਾਹਨ ਪੋਰਟਲ ਉੱਤੇ 'ਇੱਕ ਬੱਸ ਪਰਮਿਟ' ਲਾਗੂ ਹੋਣ ਪਿੱਛੋਂ ਓ ਟੀ ਪੀ ਸਿਸਟਮ ਬੰਦ ਕਰ ਦਿੱਤਾ ਜਾਵੇ, ਕਿਉਂਕਿ ਸਾਰੇ ਪਰਮਿਟ ਹੋਲਡਰਜ਼ ਲਈ ਵਾਹਨ ਪੋਰਟਲ ਉੱਤੇ ਇੱਕ ਕਲਿਕ ਨਾਲ ਮੋਟਰ ਵਾਹਨ ਟੈਕਸ ਜਮ੍ਹਾਂ ਕਰਨ ਦੀ ਸਹੂਲਤ ਮੌਜੂਦ ਹੈ। ਉਨ੍ਹਾਂ ਕਿਹਾ ਕਿ ਡਿਫਾਲਟਰਾਂ ਤੋਂ ਟੈਕਸ ਵਸੂਲੀ ਦਾ ਅਮਲ ਤੇਜ਼ ਕਰਨਾ ਚਾਹੀਦਾ ਹੈ। ਮੀਟਿੰਗ ਦੌਰਾਨ ਵੈਬ ਪੋਰਟਲ ਉੱਤੇ ਸੰਯੁਕਤ ਟਾਈਮ ਟੇਬਲ ਅਪਲੋਡ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਜੋ ਸੂਬੇ ਦੀ ਜਨਤਕ ਟਰਾਂਸਪੋਰਟ ਪ੍ਰਣਾਲੀ ਵਿੱਚ ਪਾਰਦਸ਼ਤਾ ਨੂੰ ਯਕੀਨੀ ਕੀਤੀ ਜਾਵੇ।ਸੜਕ ਹਾਦਸਿਆਂ ਵਿੱਚ ਮੌਤਾਂ ਉੱਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਮੰਤਰੀ ਨੇ ਹਿਦਾਇਤ ਕੀਤੀ ਕਿ ਟਿੱਪਰ ਟਰੱਕਾਂਅਤੇ ਹੋਰ ਭਾਰੀ ਵਾਹਨਾਂ ਦੇ ਪਿਛਲੇ ਪਾਸੇ ਲੋਹੇ ਦੀ ਰਾਡ ਫਿੱਟ ਕਰਨੀ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਕਿਸੇ ਵਾਹਨ ਨੂੰ ਐਮ ਵੀ ਆਈ ਵੱਲੋਂ ਪਾਸ ਨਹੀਂ ਕੀਤਾ ਜਾਵੇਗਾ ਜਿਸ ਉੱਤੇ ਲੋਹੇ ਦੀ ਰਾਡ ਫਿੱਟ ਨਾ ਹੋਵੇ।

# ਕੋਰੋਨਾ ਦੇ ਦੌਰਾਨ ਡਿਊਟੀ ਦੇਣ ਵਾਲੇ ਡਾਕਟਰ ਤੇ ਸਟਾਫ ਦੀ ਵਾਪਸੀ ਹੋਵੇਗੀ

ਜਲੰਧਰ, 20 ਜੁਲਾਈ (ਪੋਸਟ ਬਿਊਰੋ)- ਕੋਰੋਨਾ ਦੇ ਮਰੀਜ਼ਾਂ ਦੀ ਜਾਂਚ ਲਈ ਪਿਛਲੇ ਢਾਈ ਸਾਲਾਂ ਤੋਂ ਸਿਹਤ ਵਿਭਾਗ ਨਾਲ ਜੁੜੇ ਜ਼ਿਲ੍ਹਾ ਪ੍ਰੀਸ਼ਦ ਦੇ ਬੈਨਰ ਹੇਠ ਤੈਨਾਤ ਡਾਕਟਰਾਂ ਤੇ ਸਟਾਫ ਮੈਂਬਰਾਂ ਦੀ ਵਾਪਸੀ ਹੋਵੇਗੀ। ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਿੰਡਾਂ ਦੇ ਸਿਹਤ ਕੇਂਦਰਾਂ ਵਿੱਚ ਸੇਵਾਵਾਂ ਵੀ ਮੁੜ ਚੱਲਣਗੀਆਂ ਅਤੇ ਕੋਰੋਨਾ ਦੇ ਮਰੀਜ਼ਾਂ ਦੀ ਵਧਦੀ ਗਿਣਤੀ ਨਾਲ ਸਿਹਤ ਵਿਭਾਗ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

ਵਰਨਣ ਯੋਗ ਹੈ ਕਿ ਕੋਰੋਨਾ ਦੇ ਦੌਰ ਵਿੱਚ ਜ਼ਿਲ੍ਹਾ ਪ੍ਰੀਸ਼ਦ ਦੇ ਬੈਨਰ ਹੇਠ ਪੇਂਡੂ ਡਿਸਪੈਂਸਰੀਆਂ ਵਿੱਚ ਤੈਨਾਤ 93 ਦੇ ਕਰੀਬ ਡਾਕਟਰਾਂ ਤੇ 70 ਦੇ ਕਰੀਬ ਫਾਰਮੇਸੀ ਅਧਿਕਾਰੀਆਂ ਨੂੰ ਸਿਹਤ ਵਿਭਾਗ ਦੇ ਕੇਂਦਰਾਂ ਵਿੱਚ ਕੋਰੋਨਾ ਦੇ ਮਰੀਜ਼ਾਂ ਦੀ ਜਾਂਚ ਅਤੇ ਸੰਪਰਕ ਵਿੱਚ ਆਏ ਲੋਕਾਂ ਦੀ ਪਛਾਣ ਕਰਨ ਭੇਜਿਆ ਗਿਆ ਅਤੇ ਮਰੀਜ਼ਾਂ ਦੇ ਸੈਂਪਲ ਤੇ ਅੰਕੜੇ ਇਕੱਠੇ ਕਰਨ ਦੀ ਕਮਾਂਡ ਸੌਂਪੀ ਗਈ ਸੀ। ਪਿਛਲੇ ਸਾਲ ਦੇ ਅੰਤ ਵਿੱਚ ਮਰੀਜ਼ਾਂ ਦੀ ਗਿਣਤੀ ਘੱਟ ਹੋਣ ਕਾਰਨ ਜ਼ਿਲ੍ਹਾ ਪ੍ਰਸ਼ਾਸਨ ਨੇ ਜ਼ਿਆਦਾਤਰ ਸਟਾਫ ਵਾਪਸ ਸੱਦ ਲਿਆ ਸੀ। ਇਸ ਦੇ ਬਾਵਜੂਦ ਸਿਹਤ ਵਿਭਾਗ ਵਿੱਚ 15 ਡਾਕਟਰ ਅਤੇ 18 ਫਾਰਮੇਸੀ ਅਧਿਕਾਰੀ ਅਜੇ ਕੋਰੋਨਾ ਡਿਊਟੀ ਕਰ ਰਹੇ ਸਨ। ਪਿੰਡਾਂ ਦੀਆਂ ਸੇਵਾਵਾਂ ਠੀਕ ਚਲਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਸਿਹਤ ਵਿਭਾਗ ਨੂੰ ਪੱਤਰ ਜਾਰੀ ਕਰ ਕੇ ਉਨ੍ਹਾਂ ਨੂੰ ਵਾਪਸ ਭੇਜਣ ਨੂੰ ਕਿਹਾ ਹੈ। ਇਸ ਤੋਂ ਬਾਅਦ ਸਟਾਫ ਦੀ ਘਾਟ ਨਾਲ ਜੂਝ ਰਹੇ ਸਿਹਤ ਵਿਭਾਗ ਦੇ ਅਫਸਰਾਂ ਵਿੱਚ ਹਫੜਾ ਦਫੜੀ ਦਾ ਮਾਹੌਲ ਹੈ। ਅਗਲੇ ਦਿਨਾਂ ਵਿੱਚ ਕੋਰੋਨਾ ਮਰੀਜ਼ਾ ਦੀ ਗਿਣਤੀ ਵਧਣ ਕਾਰਨ ਸਿਹਤ ਵਿਭਾਗ ਨੂੰ ਚੁਣੌਤੀ ਪੇਸ਼ ਆ ਸਕਦੀ ਹੈ। ਜ਼ਿਲ੍ਹਾ ਪ੍ਰੀਸ਼ਦ ਦੇ ਕੁਝ ਮੁਲਾਜ਼ਮਾਂ ਨਾਲ ਕੰਮ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵਿੱਚ ਚਰਚਾ ਚੱਲ ਰਹੀ ਹੈ। ਦੋਵਾਂ ਵਿਭਾਗਾਂ ਨੇ ਆਪਣੀਆਂ ਸਮੱਸਿਆਵਾਂ ਜ਼ਿਲ੍ਹਾ ਪ੍ਰਸ਼ਾਸਨ ਅੱਗੇ ਰੱਖੀਆਂ ਹਨ। ਏ ਡੀ ਸੀ ਵਰਿੰਦਰ ਪਾਲ ਸਿੰਘ ਬਾਜਵਾ ਦਾ ਕਹਿਣਾ ਹੈ ਕਿ ਪਿੰਡਾਂ ਦੀਆਂ ਸਿਹਤ ਸੇਵਾਵਾਂ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਪ੍ਰਸ਼ਾਸਨ ਨੇ ਜ਼ਿਲ੍ਹਾ ਪ੍ਰੀਸ਼ਦ ਦੇ ਡਾਕਟਰਾਂ ਤੇ ਸਟਾਫ ਨੂੰ ਵਾਪਸ ਸਿਹਤ ਵਿਭਾਗ ਵਿੱਚ ਭੇਜਣ ਦੇ ਹੁਕਮ ਦਿੱਤੇ ਹਨ।ਸਿਵਲ ਸਰਜਨ ਡਾਕਟਰ ਰਮਨ ਸ਼ਰਮਾ ਨੇ ਦੱਸਿਆ ਕਿ ਇਸ ਬਾਰੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਮੀਟਿੰਗ ਕੀਤੀ ਹੈ। ਕੁਝ ਸਟਾਫ ਜ਼ਿਲ੍ਹਾ ਪ੍ਰੀਸ਼ਦ ਤੇ ਸਿਹਤ ਵਿਭਾਗ ਨਾਲ ਰਲ ਕੇ ਕੰਮ ਕਰੇਗਾ।

# ਅਗਨੀਪਥ ਯੋਜਨਾ ਤਹਿਤ ਜਾਤੀ ਸਰਟੀਫਿਕੇਟ ਮੰਗਣ ਕਾਰਨ ਵਿਰੋਧੀ ਧਿਰਾਂ ਦਾ ਸਰਕਾਰ ਉੱਤੇ ਨਿਸ਼ਾਨਾ



ਨਵੀਂ ਦਿੱਲੀ, 20 ਜੁਲਾਈ (ਪੋਸਟ ਬਿਊਰੋ)- ਫੌਜ ਵਿੱਚ ਭਰਤੀ ਲਈ ਜਾਤੀ ਸਰਟੀਫਿਕੇਟ ਦਾ ਨਵਾਂ ਮੁੱਦਾ ਭਖ ਗਿਆ ਹੈ। ਇਸ ਬਾਰੇ ਵਿਰੋਧੀ ਧਿਰਾਂ ਵੱਲੋਂ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ ਕਿ ਭਾਰਤ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਫੌਜ ਦੀ ਭਰਤੀ ਵਿੱਚ ਜਾਤ ਪੁੱਛੀ ਗਈ ਹੈ। ਵਿਰੋਧੀ ਧਿਰਾਂ ਵੱਲੋਂ ਸੋਸ਼ਲ ਮੀਡੀਆ ਉੱਤੇ ਨਿਸ਼ਾਨਾ ਬਣਾਏ ਜਾਣ ਪਿੱਛੋਂ ਭਾਜਪਾ ਨੇ ਵੀ ਆਪਣੇ ਪੱਧਰ ਉੱਤੇ ਸਪੱਸ਼ਟੀਕਰਨ ਦਿੱਤਾ ਅਤੇ ਇਸ ਬਾਰੇ ਫੌਜ ਦਾ ਬਿਆਨ ਵੀ ਆਇਆ ਹੈ।

ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਸੰਜੇ ਸਿੰਘ ਨੇ ਟਵੀਟ ਰਾਹੀਂ ਕਿਹਾ ਕਿ ਮੋਦੀ ਸਰਕਾਰ ਦਾ ਘਟੀਆ ਚਿਹਰਾ ਦੇਸ਼ ਦੇ ਸਾਹਮਣੇ ਆ ਚੁੱਕਾ ਹੈ। ਕੀ ਮੋਦੀ ਦਲਿਤਾਂ, ਪੱਛੜਿਆਂ ਤੇ ਆਦਿਵਾਸੀਆਂ ਨੂੰ ਫੌਜ ਵਿੱਚ ਭਰਤੀ ਦੇ ਯੋਗ ਨਹੀਂ ਮੰਨਦੇ? ਉਨ੍ਹਾਂ ਪ੍ਰਧਾਨ ਮੰਤਰੀ ਨੂੰ ਵਿਅੰਗ ਕਰਦੇ ਹੋਏ ਕਿਹਾ ਤੁਸੀਂ 'ਅਗਨੀਵੀਰ' ਬਣਾਉਣਾ ਹੈ ਜਾਂ 'ਜਾਤੀਵੀਰ'। ਰਾਸ਼ਟਰੀ ਜਨਤਾ ਦਲ ਦੇ ਆਗੂ ਤੇਜੱਸਵੀ ਯਾਦਵ ਨੇ ਟਵੀਟ ਰਾਹੀਂ ਤਨਜ਼ਕੀਤੀ: 'ਜਾਤ ਨਾ ਪੁੱਛੋ ਸਾਧੂ ਦੀ, ਪ੍ਰੰਤੂ ਜਾਤ ਪੁੱਛੋ ਫੌਜੀ ਦੀ।' ਤੇਜੱਸਵੀ ਯਾਦਵ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ 75 ਸਾਲ ਤਕ ਫੌਜ ਵਿੱਚ ਠੇਕੇ ਉੱਤੇ ਅਗਨੀਪੱਥ ਦੀ ਵਿਵਸਥਾ ਲਾਗੂ ਨਹੀਂ ਸੀ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਜਾਤੀਗਤ ਮਰਦਮਸ਼ੁਮਾਰੀ ਤੋਂ ਦੂਰ ਭੱਜਦੀ ਹੈ, ਪਰ ਦੇਸ਼ ਸੇਵਾ ਲਈ ਜਾਨ ਦੇਣ ਵਾਲੇ ਅਗਨੀਵੀਰ ਭਰਾਵਾਂ ਦੀ ਜਾਤ ਪੁੱਛਦੀ ਹੈ। ਭਾਜਪਾ ਦੇ ਪਾਰਲੀਮੈਂਟ ਮੈਂਬਰ ਵਰੁਣ ਗਾਂਧੀ ਨੇ ਟਵੀਟ ਰਾਹੀਂ ਜਾਤ ਤੇ ਧਰਮ ਦਾ ਸਰਟੀਫਿਕੇਟ ਮੰਗੇ ਜਾਣ ਸਬੰਧੀ ਇੱਕ 'ਸਕਰੀਨ ਸ਼ਾਰਟ' ਸ਼ੇਅਰ ਕਰਦਿਆਂ ਕਿਹਾ ਕਿ ਫੌਜ ਵਿੱਚ ਕਿਸੇ ਤਰ੍ਹਾਂ ਦਾ ਕੋਈ ਰਾਖਵਾਂਕਰਨ ਨਹੀਂ, ਪਰ ਅਗਨੀਪਥ ਦੀ ਭਰਤੀ ਲਈ ਜਾਤੀਸਰਟੀਫਿਕੇਟ ਮੰਗਿਆ ਜਾ ਰਿਹਾ ਹੈ। ਕੀ ਅਸੀਂ ਜਾਤ ਵੇਖ ਕੇ ਕਿਸੇ ਦੀ ਰਾਸ਼ਟਰ ਭਗਤੀ ਤੈਅ ਕਰਾਂਗੇ?

ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੇ ਜਾਤੀਸਰਟੀਫਿਕੇਟਦੇ ਬਾਰੇ ਵਿਰੋਧੀ ਧਿਰਾਂ ਉੱਤੇ ਗੁੰਮਰਾਹ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਰਾਜਨੀਤੀ ਕਰਦਿਆਂ ਦੇਸ਼ ਦੀ ਫੌਜ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਹਕੀਕਤ ਇਹ ਹੈ ਕਿ ਭਾਰਤੀ ਫੌਜ ਕਿਸੇ ਕੀਮਤ ਉੱਤੇ ਧਰਮ ਜਾਂ ਜਾਤ ਦੇ ਆਧਾਰ ਉੱਤੇ ਭਰਤੀ ਨਹੀਂ ਕਰਦੀ ਹੈ। ਦੂਜੇ ਪਾਸੇ ਭਾਰਤੀ ਫੌਜ ਨੇ ਦੱਸਿਆ ਹੈ ਕਿ ਪਹਿਲਾਂ ਵੀ ਫੌਜੀ ਭਰਤੀਵੇਲੇ ਜਾਤ ਸਰਟੀਫਿਕੇਟਮੰਗਿਆ ਜਾਂਦਾ ਸੀ, ਇਸ ਕਰ ਕੇ ਅਗਨੀਵੀਰ ਯੋਜਨਾ ਲਈ ਜੇ ਜਾਤੀਸਰਟੀਫਿਕੇਟ ਮੰਗੇ ਗਏ ਹਨ ਤਾਂ ਇਸ ਵਿੱਚ ਕੁਝ ਨਵਾਂ ਨਹੀਂ। ਫੌਜ ਨੇ ਦੱਸਿਆ ਕਿ ਸਾਡੇ ਜਵਾਨ ਸਰਬਉਚ ਕੁਰਬਾਨੀ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਅਜਿਹੇ ਵਿੱਚ ਸ਼ਹੀਦਾਂ ਦੇ ਅੰਤਿਮ ਸਸਕਾਰ ਲਈ ਧਰਮ ਜਾਨਣਾ ਜ਼ਰੂਰੀ ਹੁੰਦਾ ਹੈ, ਇਸੇ ਲਈ ਜਾਤੀਸਰਟੀਫਿਕੇਟ ਦੀ ਲੋੜ ਹੁੰਦੀ ਹੈ। ਫੌਜ ਮੁਤਾਬਕ ਇਹ ਪਰੰਪਰਾ ਦਹਾਕਿਆਂ ਤੋਂ ਚਲੀ ਆਈ ਹੈ ਕਿਉਂਕਿ ਫੌਜ ਹਰ ਤਰ੍ਹਾਂ ਫੌਜੀ ਦੀਆਂ ਪਰੰਪਰਾਵਾਂ ਦਾ ਧਿਆਨ ਰੱਖਦੀ ਹੈ।

# ਵਿਦਿਆਰਥਣਾਂ ਦੇ ਅੰਡਰ ਗਾਰਮੈਂਟਸ ਉਤਰਾਉਣ ਵਾਲੀਆਂ 5 ਔਰਤਾਂ ਗ੍ਰਿਫਤਾਰ



ਤਿਰੂਵਨੰਤਪੁਰਮ, 20 ਜੁਲਾਈ (ਪੋਸਟ ਬਿਊਰੋ)- ਕੇਰਲ ਦੇ ਕੋਲੱਮ ਸੈਂਟਰ ਵਿੱਚ ਨੀਟ (ਨੈਸ਼ਨਲ ਐਲਿਜਬਿਲਟੀ ਕਮ ਐਂਟਰੈਂਸ ਟੈਸਟ) ਤੋਂ ਪਹਿਲਾਂ ਤਲਾਸ਼ੀ ਵਿੱਚ ਜ਼ਬਰਦਸਤੀ ਕੁਝ ਵਿਦਿਆਰਥਣਾਂ ਦੇ ਅੰਡਰ ਗਾਰਮੈਂਟਸ ਉਤਰਵਾਉਣ ਵਾਲੀਆਂ ਪੰਜ ਔਰਤਾਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਅਤੇ ਇਨ੍ਹਾਂ ਤੋਂ ਪੁੱਛਗਿੱਛ ਕਰ ਰਹੀ ਹੈ।

ਇਸ ਕੇਸ ਵਿੱਚ ਕੇਰਲ ਪੁਲਸ ਅਨੁਸਾਰ ਇਨ੍ਹਾਂ ਵਿੱਚੋਂ ਤਿੰਨ ਔਰਤਾਂ ਨੈਸ਼ਨਲ ਟੈਸਟਿੰਗ ਏਜੰਸੀ (ਐਨ ਟੀ ਏ) ਵੱਲੋਂ ਨਿਯੁਕਤ ਏਜੰਸੀ ਦੀਆਂ ਮੁਲਾਜ਼ਮ ਤੇ ਦੋ ਔਰਤਾਂ ਅਯੂਰ ਦੀਪ੍ਰਾਈਵੇਟ ਸਿੱਖਿਆ ਸੰਸਥਾ (ਨੀਟ ਪ੍ਰੀਖਿਆ ਕੇਂਦਰ) ਦੀਆਂ ਮੁਲਾਜ਼ਮ ਹਨ। ਪੁਲਸ ਨੇ ਪ੍ਰੀਖਿਆ ਵਿੱਚ ਵਿਦਿਆਰਥਣਾਂ ਦੇ ਅੰਡਰ ਗਾਰਮੈਂਟਸ ਉਤਰਵਾਉਣ ਦੇ ਮਾਮਲੇ ਵਿੱਚ ਕੇਸ ਦਰਜ ਕਰ ਲਿਆ ਹੈ। ਇਸ ਦੀ ਰਸਮੀ ਸ਼ਿਕਾਇਤ 17 ਸਾਲਾ ਵਿਦਿਆਰਥਣ ਨੇ ਕੀਤੀ ਹੈ, ਜਿਸ ਨੇ ਪਹਿਲੀ ਵਾਰ ਪ੍ਰੀਖਿਆ ਦਿੱਤੀ ਸੀ। ਦੱਖਣੀ ਕੇਰਲ ਵਿੱਚ ਵਿਰੋਧ-ਪ੍ਰਦਰਸ਼ਨ ਸ਼ੁਰੂ ਹਨ। ਪ੍ਰਦਰਸ਼ਨਕਾਰੀ ਵਿਦਿਆਰਥਣਾਂ ਨੇ ਅਯੂਰ ਵਿੱਚ ਨਿੱਜੀ ਸਿੱਖਿਆ ਸੰਸਥਾ ਵਿੱਚ ਭੰਨ-ਤੋੜ ਕੀਤੀ। ਪੁਲਸ ਕਾਰਵਾਈ ਵਿੱਚ ਕੁਝ ਵਿਦਿਆਰਥੀ ਜ਼ਖਮੀ ਵੀ ਹੋਏ ਹਨ।

ਨੀਟ ਵਿੱਚ ਅੰਡਰ ਗਾਰਮੈਂਟਸ ਉਤਰਾਉਣ ਦੇ ਮੁੱਦੇ ਨੇ ਜ਼ੋਰ ਫੜ ਲਿਆ ਹੈ। ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਦਖਲ ਪਿੱਛੋਂ ਕੱਲ੍ਹ ਐਨ ਟੀ ਏ ਨੇ ਇਸ ਦੀ ਪੜਤਾਲ ਲਈ ਕਮੇਟੀ ਬਣਾਈ ਹੈ। ਕਮੇਟੀ ਦੇ ਮੈਂਬਰ ਜਲਦੀ ਹੀ ਕੇਰਲ ਦਾ ਦੌਰਾ ਕਰਨਗੇ। ਇਸ ਤੋਂ ਪਹਿਲਾਂ ਐਨ ਟੀ ਏ ਨੇ ਇਸ ਪ੍ਰੀਖਿਆ ਕੇਂਦਰ ਦੇ ਸੁਪਰਡੈਂਟ ਅਤੇ ਐਗਜ਼ਾਮੀਨਰ ਦੀ ਰਿਪੋਰਟ ਉੱਤੇ ਦੋਸ਼ਾਂ ਨੂੰ ਰੱਦ ਕੀਤਾ ਅਤੇ ਅੰਡਰ ਗਾਰਮੈਂਟਸ ਉਤਰਾਉਣ ਦੀ ਘਟਨਾ ਨੂੰ ਝੂਠ ਕਿਹਾ ਹੈ। ਇਸ ਪੂਰੇ ਕੇਸ ਬਾਰੇ ਕੇਂਦਰੀ ਵਿਦੇਸ਼ ਅਤੇ ਪਾਰਲੀਮੈਂਟਰੀ ਕਾਰਜ ਮੰਤਰੀ ਵੀ ਮੁਰਲੀਧਰਨ ਨੇ ਪ੍ਰਧਾਨ ਨਾਲ ਮੁਲਾਕਾਤ ਕੀਤੀ ਹੈ।

## ਮੈਂ ਕੋਈ ਅਪਰਾਧੀ ਨਹੀਂ, ਮੁੱਖ ਮੰਤਰੀ ਹਾਂ: ਕੇਜਰੀਵਾਲ

ਨਵੀਂ ਦਿੱਲੀ, 20 ਜੁਲਾਈ (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਲਗਾਤਾਰ ਕੇਂਦਰ ਸਰਕਾਰ ਉੱਤੇ ਉਨ੍ਹਾਂ ਦੇ ਸਿੰਗਾਪੁਰ ਦੌਰੇ ਵਿੱਚ ਰੁਕਾਵਟ ਪਾਉਣ ਦਾ ਦੋਸ਼ ਲਾ ਰਹੇ ਹਨ। ਉਨ੍ਹਾ ਨੇ ਕੱਲ੍ਹ ਫਿਰ ਕਿਹਾ ਕਿ ਲੱਗਦਾ ਹੈ ਕਿ ਉਨ੍ਹਾਂ ਦੀ ਸਿੰਗਾਪੁਰ ਯਾਤਰਾ ਨੂੰ ਸਿਆਸੀ ਕਾਰਨਾਂ ਕਰਕੇ ਰੋਕਿਆ ਗਿਆ ਹੈ। ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ, ''ਮੈਂ ਅਪਰਾਧੀ ਨਹੀਂ ਹਾਂ। ਮੈਂ ਮੁੱਖ ਮੰਤਰੀ ਹਾਂ ਅਤੇ ਦੇਸ਼ ਦਾ ਆਜ਼ਾਦ ਨਾਗਰਿਕ ਹਾਂ। ਮੈਨੂੰ ਸਿੰਗਾਪੁਰ ਜਾਣ ਤੋਂ ਰੋਕਣ ਦਾ ਕੋਈ ਕਾਨੂੰਨੀ ਆਧਾਰ ਨਹੀਂ ਹੈ। ਇਸ ਲਈ ਇਸ ਪਿੱਛੇ ਕੋਈ ਨਾ ਕੋਈ ਸਿਆਸੀ ਕਾਰਨ ਜਾਪਦਾ ਹੈ। ਜੂਨ ਵਿੱਚ ਸਿੰਗਾਪੁਰ ਦੇ ਹਾਈ ਕਮਿਸ਼ਨਰ ਐਸ ਸਾਈਮਨ ਵੋਂਗ ਨੇ ਮੈਨੂੰ ਸੰਮੇਲਨ ਲਈ ਸੱਦਾ ਦਿੱਤਾ ਸੀ। ਮੈਂ ਅਪਰਾਧੀ ਨਹੀਂ, ਚੁਣਿਆ ਹੋਇਆ ਮੁੱਖ ਮੰਤਰੀ ਹਾਂ।' ਦਿੱਲੀ ਦੇ ਮੁੱਖ ਮੰਤਰੀ ਨੇ ਇੱਕ ਸੰਮੇਲਨ ਵਿੱਚਸ਼ਾਮਲ ਹੋਣ ਲਈ ਸਿੰਗਾਪੁਰ ਜਾਣਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਉਨ੍ਹਾਂ ਨੂੰ ਇਸ ਦੀ ਇਜਾਜ਼ਤ ਨਹੀਂ ਦੇ ਰਹੀ। ਇਹ ਕਾਨਫਰੰਸ ਅਗਸਤ ਦੇ ਪਹਿਲੇ ਹਫ਼ਤੇ ਹੋਣੀ ਹੈ।

## ਪ੍ਰਸਿੱਧ ਕਾਰੋਬਾਰੀ ਡਾਕਟਰ ਨੇ ਸਾਰੀ ਜਾਇਦਾਦ ਦਾਨ ਕਰ ਦਿੱਤੀ

ਮੁਰਾਦਾਬਾਦ, 20 ਜੁਲਾਈ (ਪੋਸਟ ਬਿਊਰੋ)- ਪ੍ਰਸਿੱਧ ਕਾਰੋਬਾਰੀ, ਸਿੱਖਿਆ ਮਾਹਰ ਤੇ ਸਮਾਜਸੇਵੀ ਡਾਕਟਰ ਅਰਵਿੰਦ ਗੋਇਲ ਨੇ ਬੀਤੇ ਦਿਨੀਂ ਹੈਰਾਨ ਕਰ ਦੇਣ ਵਾਲਾ ਫੈਸਲਾ ਲਿਆ ਹੈ। ਉਹ ਸਾਰੀ ਜਾਇਦਾਦ ਦਾਨ ਕਰਨ ਲੱਗੇ ਹਨ ਅਤੇ ਚਾਹੁੰਦੇ ਹਨ ਕਿ ਇਸ ਜਾਇਦਾਦ ਦੀ ਵਰਤੋਂ ਉਤਰ ਪ੍ਰਦੇਸ਼ ਦੇ ਗਰੀਬਾਂ ਦੀ ਮੁਫਤ ਸਿੱਖਿਆ ਤੇ ਬਿਹਤਰ ਸਿਹਤ ਸਹੂਲਤਾਂ ਲਈ ਕੀਤੀ ਜਾਏ। ਉਹ ਸਿਰਫ ਇੱਕ ਕੋਠੀ ਆਪਣੇ ਕੋਲ ਰੱਖਣਗੇ। ਅੰਦਾਜ਼ਾ ਹੈ ਕਿ ਉਨ੍ਹਾਂ ਦੀ ਇਹ ਜਾਇਦਾਦ ਸੈਂਕੜੇ ਕਰੋੜ ਰੁਪਏ ਦੀ ਹੈ। ਦਾਨ ਦੀ ਪ੍ਰਕਿਰਿਆ ਡੀ ਐਮ ਮੁਰਾਦਾਬਾਦ ਰਾਹੀਂ ਪੂਰੀ ਕੀਤੀ ਜਾਏਗੀ। ਡਾਕਟਰ ਗੋਇਲ ਦਾ ਇਹ ਐਲਾਨ ਸ਼ਹਿਰ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕੱਲ੍ਹ ਸ਼ਾਮ ਉਨ੍ਹਾਂ ਨੇ ਜ਼ਿਲ੍ਹਾ ਅਧਿਕਾਰੀ ਸ਼ੈਲੇਂਦਰ ਕੁਮਾਰ ਸਿੰਘ ਨਾਲ ਮੁਲਾਕਾਤ ਕੀਤੀ, ਪਰ ਉਨ੍ਹਾਂ ਨਾਲ ਕੀ ਗੱਲ ਹੋਈ, ਇਹ ਨਹੀਂ ਦੱਸਿਆ। ਗੋਇਲ ਨੇ ਕਿਹਾ, ਉਹ ਚਾਹੁੰਦੇ ਹਨ ਕਿ ਸਮਾਜ ਵਿੱਚ ਕੋਈ ਵੀ ਗਰੀਬ ਅਤੇ ਬੇਸਹਾਰਾ ਵਿਅਕਤੀ ਸਿੱਖਿਆ ਤੇ ਮੈਡੀਕਲ ਸਹੂਲਤਾਂ ਤੋਂ ਵਾਂਝਾ ਨਾ ਰਹੇ। ਡਾਕਟਰ ਅਰਵਿੰਦ ਨੇ ਮੁਰਾਦਾਬਾਦ ਜ਼ਿਲ੍ਹੇ ਦੇ 38 ਪਿੰਡ ਗੋਦ ਲਏ ਹਨ। ਉਥੋਂ ਦੇ ਸਰਕਾਰੀ ਸਕੂਲਾਂ ਵਿੱਚ ਫਰਨੀਚਰ ਤੇ ਕੰਪਿਊਟਰ ਲਵਾਉਣ ਦੇ ਇਲਾਵਾ ਹੋਰ ਮਦਦ ਕਰਦੇ ਹਨ। ਇਨ੍ਹਾਂ ਪਿੰਡਾਂ ਦੇ ਲੋੜਵੰਦਾਂ ਦੀ ਦਵਾ ਦਾ ਪ੍ਰਬੰਧ ਵੀ ਉਹੀ ਕਰਦੇ ਹਨ। ਉਨ੍ਹਾਂ ਦੇ 150 ਤੋਂ ਵੱਧ ਸਕੂਲ ਸਾਰੇ ਦੇਸ਼ ਵਿੱਚ ਚੱਲ ਰਹੇ ਹਨ। ਕੁਝ ਹਸਪਤਾਲ ਵੀ ਚੱਲ ਰਹੇ ਹਨ। ਸਮਾਜਸੇਵੀ ਅਰਵਿੰਦ ਗੋਇਲ ਦੇ ਦੋ ਪੁੱਤਰ ਅਤੇ ਇੱਕ ਪੁੱਤਰੀ ਹੈ, ਜਿਨ੍ਹਾਂ ਦਾ ਕਾਰੋਬਾਰ ਅਲੱਗ ਹੈ।

# ਔਰਤ ਨੂੰ ਹਵਾਈ ਅੱਡੇ ਉਤੇ ਸੈਂਡਵਿਚ ਖਾਣਾ ਮਹਿੰਗਾ ਪਿਆ

* ਲੱਖਾਂ ਦਾ ਜੁਰਮਾਨਾ ਭਰਨਾ ਪੈ ਗਿਆ



ਸਿਡਨੀ, 20 ਜੁਲਾਈ (ਪੋਸਟ ਬਿਊਰੋ)- ਆਸਟਰੇਲੀਆਈ ਇੱਕ ਔਰਤ ਨੂੰ ਸਬਵੇਅ ਸੈਂਡਵਿਚ ਇੰਨਾ ਮਹਿੰਗਾ ਪਿਆ ਕਿ ਉਸ ਨੂੰ ਇਸ ਲਈ ਇੱਕ ਲੱਖ 43 ਹਜ਼ਾਰ ਰੁਪਏ ਦੇ ਬਰਾਬਰ ਦੇਣੇ ਪੈ ਗਏ।

ਅਸਲ ਵਿੱਚ ਜੈਸਿਕਾ ਲੀ ਨਾਂਅ ਦੀ 19 ਸਾਲਾ ਆਸਟਰੇਲੀਅਨ ਮਾਡਲ ਨੇ ਏਅਰਪੋਰਟ ਉੱਤੇ ਆਪਣੇ ਸਬਵੇਅ ਸੈਂਡਵਿਚ ਬਾਰੇ ਕਸਟਮ ਅਧਿਕਾਰੀਆਂ ਨੂੰ ਜਾਣਕਾਰੀ ਨਹੀਂ ਸੀ ਦਿੱਤੀ, ਜਿਸ ਤੋਂ ਬਾਅਦ ਜਦੋਂ ਉਸ ਕੋਲੋਂ ਇਹ ਸੈਂਡਵਿਚ ਮਿਲਿਆ ਤਾਂ ਕਸਟਮ ਅਧਿਕਾਰੀਆਂ ਨੇ ਕਾਨੂੰਨ ਮੁਤਾਬਕ ਉਸ ਉੱਤੇ ਭਾਰੀ ਜੁਰਮਾਨਾ ਲਾਇਆ। ਇਸ ਦੀ ਜਾਣਕਾਰੀ ਖੁਦ ਲੀ ਨੇ ਦਿੱਤੀ ਅਤੇ ਇਸ ਨੂੰ ਆਪਣੇ ਸੋਸ਼ਲ ਮੀਡੀਆ ਹੈਂਡਲ ਉੱਤੇ ਸ਼ੇਅਰ ਕੀਤਾ ਹੈ। ਜੈਸਿਕਾ ਲੀ ਮੁਤਾਬਕ ਉਹ ਯੂਰਪ ਤੋਂ ਆਸਟਰੇਲੀਆ ਜਾ ਰਹੀ ਸੀ। ਜਦੋਂ ਉਹ 11 ਘੰਟੇ ਦੀ ਲੰਮੀ ਉਡਾਣ ਤੋਂ ਬਾਅਦ ਸਿੰਗਾਪੁਰ ਹਵਾਈ ਅੱਡੇ ਉੱਤੇ ਪਹੁੰਚੀ, ਤਾਂ ਉਸ ਨੇ ਆਪਣੇ ਸਟਾਪਓਵਰ 'ਤੇ ਸਬਵੇਅ ਸੈਂਡਵਿਚ ਖਰੀਦਿਆ। ਉਸ ਨੇ ਅੱਧਾ ਖਾ ਕੇ ਅੱਧਾ ਆਪਣੇ ਕੋਲ ਰੱਖ ਲਿਆ ਤੇ ਸੋਚਿਆ ਕਿ ਜੇ ਨੂੰ ਭੁੱਖ ਲੱਗੀ ਤਾਂ ਇਹ ਬਚਿਆ ਹੋਇਆ ਹਿੱਸਾ ਖਾ ਲਵੇਗੀ, ਪਰ ਅੱਗੇ ਨਾ ਉਸ ਨੂੰ ਭੁੱਖ ਲੱਗੀ ਅਤੇ ਨਾ ਉਸ ਨੇ ਇਸ ਨੂੰ ਖਾਧਾ। ਜਦੋਂ ਉਸ ਦੀ ਫਲਾਈਟ ਆਸਟਰੇਲੀਆ ਪਹੁੰਚੀ ਤਾਂ ਨਿਯਮਾਂ ਮੁਤਾਬਕ ਉਸ ਨੇ ਕਸਟਮ ਨੂੰ ਦੱਸਣਾ ਸੀ ਕਿ ਉਸ ਕੋਲ ਸੈਂਡਵਿਚ ਹੈ, ਪਰ ਉਸ ਨੇ ਗਲਤੀ ਨਾਲ ਅਧਿਕਾਰੀਆਂ ਨੂੰ ਨਹੀਂ ਦੱਸਿਆ। ਇਸ ਦੇ ਨਤੀਜੇ ਵਜੋਂ ਮਾਡਲ ਉੱਤੇ 2664 ਡਾਲਰ ਯਾਨੀ 1.43 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਗਿਆ।

# ਏਅਰ ਏਸ਼ੀਆ ਇੰਡੀਆ ਦੀ ਅੰਤਰਰਾਸ਼ਟਰੀ ਉਡਾਣ ਪਰਮਿਟ ਲੈਣ ਦੀ ਯੋਜਨਾ ਨੂੰ ਝਟਕਾ




ਨਵੀਂ ਦਿੱਲੀ, 20 ਜੁਲਾਈ (ਪੋਸਟ ਬਿਊਰੋ)- ਟਾਟਾ ਗਰੁੱਪ ਦੀ ਸਸਤੀ ਏਅਰਲਾਈਨ ਏਅਰ ਏਸ਼ੀਆ ਇੰਡੀਆ ਵੱਲੋਂ ਅੰਤਰਰਾਸ਼ਟਰੀ ਉਡਾਣਾਂ ਦਾ ਪਰਮਿਟ ਲੈਣ ਵਿੱਚ ਅਸਮਰੱਥਾ ਕਾਰਨ ਸਰਕਾਰ ਦੇ ਅੰਤਰਰਾਸ਼ਟਰੀ ਉਡਾਣ ਪ੍ਰੋਜੈਕਟ ਨੂੰ ਝਟਕਾ ਲੱਗਾ ਹੈ। ਇਸ ਯੋਜਨਾ ਦਾ ਮਕਸਦ ਰਾਜ ਸਰਕਾਰਾਂ ਦੁਆਰਾ ਏਅਰਲਾਈਨਾਂ ਨੂੰ ਦਿੱਤੀਆਂ ਜਾਂਦੀਆਂ ਸਬਸਿਡੀਆਂ ਰਾਹੀਂ ਉਤਰ-ਪੂਰਬੀ ਰਾਜਾਂ ਅਤੇ ਉੜੀਸਾ ਦੇ ਸ਼ਹਿਰਾਂ ਨੂੰ ਅੰਤਰਰਾਸ਼ਟਰੀ ਮੰਜ਼ਿਲਾਂ ਨਾਲ ਜੋੜਨਾ ਹੈ।

ਜਾਣਕਾਰ ਸੂਤਰਾਂ ਨੇ ਕਿਹਾ ਕਿ ਹਵਾਬਾਜ਼ੀ ਮੰਤਰਾਲਾ ਟਾਟਾ ਸੰਨਜ਼ ਦੇ ਏਅਰਲਾਈਨ ਦੀ ਸੌ ਫੀਸਦੀ ਮਾਲਕੀ ਲੈਣ ਅਤੇ ਏਅਰ ਇੰਡੀਆ ਗਰੁੱਪ ਦਾ ਹਿੱਸਾ ਬਣਨ ਦੀ ਉਡੀਕ ਕਰ ਰਿਹਾ ਹੈ। ਇਸ ਮਗਰੋਂ ਇਸ ਨੂੰ ਅੰਤਰਰਾਸ਼ਟਰੀ ਉਡਾਣਾਂ ਚਲਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ। ਸਮਝਿਆ ਜਾਂਦਾ ਹੈ ਕਿ ਮਾਲਕੀ ਬਦਲਣ ਦੀ ਪ੍ਰਕਿਰਿਆ ਜਲਦੀ ਹੀ ਪੂਰੀ ਹੋ ਜਾਵੇਗੀ ਅਤੇ ਉਸ ਤੋਂ ਬਾਅਦ ਸਰਕਾਰ ਏਅਰਲਾਈਨ ਨੂੰ ਅੰਤਰਰਾਸ਼ਟਰੀ ਉਡਾਣਾਂ ਚਲਾਉਣ ਲਈ ਪਰਮਿਟ ਜਾਰੀ ਕਰੇਗੀ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਅੰਤਰਰਾਸ਼ਟਰੀ ਉਡਾਣ ਯੋਜਨਾ ਲਈ ਬੋਲੀ ਪ੍ਰਕਿਰਿਆ ਏਅਰਪੋਰਟ ਅਥਾਰਟੀ ਆਫ ਇੰਡੀਆ ਨੇ ਕਰਵਾਈ ਸੀ। ਬੋਲੀ ਨਿਯਮਾਂ ਅਨੁਸਾਰ ਜੇ ਕੋਈ ਏਅਰਲਾਈਨ ਭਾਰਤ ਦੀ ਇੱਕ ਨਾਮਜ਼ਦ ਏਅਰਲਾਈਨ ਦੇ ਤੌਰ ਉੱਤੇ ਯੋਗ ਹੁੰਦੀ ਹੈ ਤਾਂ ਉਹ ਵੱਖ-ਵੱਖ ਰੂਟਾਂ ਲਈ ਬੋਲੀ ਦੇ ਸਕੇਗੀ।ਅੰਤਰਰਾਸ਼ਟਰੀ ਮਾਰਗਾਂ ਲਈ ਬੋਲੀ ਪ੍ਰਕਿਰਿਆ ਮਾਰਚ ਵਿੱਚ ਕਰਵਾਈ ਗਈ ਸੀ। ਇਸ ਵਿੱਚ ਏਅਰ ਏਸ਼ੀਆ ਇੰਡੀਆ ਨੇ ਅੱਠ ਅੰਤਰਰਾਸ਼ਟਰੀ ਰੂਟਾਂ ਉੱਤੇ ਉਡਾਣਾਂ ਚਲਾਉਣ ਲਈ ਬੋਲੀ ਜਿੱਤੀ ਸੀ। ਇਹਨਾਂ ਰੂਟਾਂ ਵਿੱਚ ਭੁਵਨੇਸ਼ਵਰ ਤੋਂ ਸਭ ਮੰਜ਼ਿਲਾਂ ਲਈ ਉਡਾਣਾਂ ਸ਼ਾਮਲਸਨ, ਕਿਉਂਕਿ ਇਸ ਨੇ ਇਹਨਾਂ ਰੂਟਾਂ ਉੱਤੇ ਤੈਨਾਤ ਸੀਟਾਂ ਲਈ ਸਭ ਤੋਂ ਘੱਟ ਸਬਸਿਡੀ ਦੀ ਮੰਗ ਕੀਤੀ ਸੀ।

# ਸੇਵਾ ਵਿੱਚ ਅਪਾਹਜ ਹੋਇਆ ਫੌਜੀ ਹੀ ਅੰਗਹੀਣ ਪੈਨਸ਼ਨ ਦਾ ਹੱਕਦਾਰ ਹੁੰਦੈ: ਸੁਪਰੀਮ ਕੋਰਟ



ਨਵੀਂ ਦਿੱਲੀ, 20 ਜੁਲਾਈ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਫੌਜ ਦੇ ਜਵਾਨ ਅਪਾਹਜ ਪੈਨਸ਼ਨ ਪਾਉਣ ਦੇ ਹੱਕਦਾਰ ਉਦੋਂ ਮੰਨੇ ਜਾਣਗੇ, ਜਦੋਂ ਉਹ ਫੌਜ ਵਿੱਚ ਸੇਵਾ ਵਿੱ-ਚਅਪਾਹਜਹੋਣ ਜਾਂ ਏਹੋ ਜਿਹੀਸੇਵਾ ਨਾਲ ਹੀ ਅੰਗਹੀਣਤਾਵਧ ਗਈ ਹੋਵੇ ਅਤੇ ਅਪਾਹਜਹੋਣ ਦੀ ਸਥਿਤੀ ਵੀਹ ਫੀਸਦੀ ਤੋਂ ਵੱਧ ਹੋਵੇ।

ਜਸਟਿਸ ਅਭੈ ਐਸ ਓਕ ਅਤੇ ਜਸਟਿਸ ਐਮ ਐਮ ਸੁੰਦਰੇਸ਼ ਦੀ ਬੈਂਚ ਕੇਂਦਰ ਵੱਲੋਂ ਪੇਸ਼ ਪਟੀਸ਼ਨ ਦੀ ਸੁਣਵਾਈ ਕਰ ਰਹੀਸੀ, ਜਿਸ ਵਿੱਚ ਫੌਜੀ ਟ੍ਰਿਬਿਊਨਲ ਵੱਲੋਂ ਫੌਜੀ ਜਵਾਨ ਨੂੰ ਅਪਾਹਜ ਪੈਨਸ਼ਨ ਦੇਣ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ। ਅਦਾਲਤ ਨੇ ਐਡੀਸ਼ਨਲ ਸਾਲਿਸਟਰ ਜਨਰਲ ਕੇ ਐਮ ਨਟਰਾਜ ਦੀ ਇਸ ਦਲੀਲ ਨਾਲ ਸਹਿਮਤੀ ਪ੍ਰਗਟਾਈ ਕਿ ਫੌਜ ਦੇ ਜਵਾਨਦੇਅਪਾਹਜ ਹੋਣ ਅਤੇ ਉਸ ਦੀ ਫੌਜੀ ਸੇਵਾ ਵਿਚਾਲੇ ਇੱਕ ਤਰਕਪੂਰਨ ਸੰਬੰਧ ਚਾਹੀਦਾ ਹੈ।ਬੈਂਚ ਨੇ ਕਿਹਾ, ''ਜਦੋਂ ਤਕ ਅਪਾਹਜਸਥਿਤੀ ਫੌਜ ਸੇਵਾ ਨਾਲ ਜੁੜੀ ਨਾ ਹੋਵੇ ਜਾਂ ਉਸ ਕਾਰਨ ਵਧੀ ਨਾ ਹੋਵੇ ਅਤੇ ਵੀਹ ਫੀਸਦੀ ਤੋਂ ਵੱਧ ਨਾ ਹੋਵੇ, ਉਦੋਂ ਤਕ ਅਪਾਹਜਹੋਣ ਦੀਪੈਨਸ਼ਨ ਯੋਗਤਾ ਨਹੀਂ ਹੁੰਦੀ।'' ਸੁਪਰੀਮ ਕੋਰਟ ਨੇ ਕਿਹਾ ਕਿ ਇਸ ਕੇਸ ਵਿੱਚ ਜਵਾਨ ਛੁੱਟੀ ਲੈ ਕੇ ਕਿਤੇ ਗਿਆ ਤਾਂ ਦੋ ਦਿਨ ਬਾਅਦ ਹਾਦਸੇ ਦਾ ਸ਼ਿਕਾਰ ਹੋ ਗਿਆ। ਬੈਂਚ ਨੇ ਕਿਹਾ, ''ਜਵਾਨ ਨੂੰ ਲੱਗੀਆਂ ਸੱਟਾਂ ਤੇ ਉਸ ਦੀ ਫੌਜ ਸੇਵਾ ਵਿਚਾਲੇ ਕੋਈ ਸਬੰਧ ਨਹੀਂ।'' ਟ੍ਰਿਬਿਊਨਲ ਨੇ ਇਸ ਪੱਖ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹੈ, ਜੋ ਮਾਮਲੇ ਦੀ ਜੜ੍ਹ ਹੈ। ਇਸ ਲਈ ਜਵਾਨ ਅਪਾਹਜਹੋਣ ਬਾਰੇ ਪੈਨਸ਼ਨ ਲੈਣ ਦਾ ਹੱਕਦਾਰ ਨਹੀਂ ਹੈ।''

# ਔਰਤ ਵੇਟਰ ਨੂੰ ਗਾਹਕ ਨੇ 2.5 ਲੱਖ ਰੁਪਏ ਜਿੰਨੀ ਟਿੱਪ ਦੇ ਦਿੱਤੀ

ਵਾਸ਼ਿੰਗਟਨ, 20 ਜੁਲਾਈ (ਪੋਸਟ ਬਿਊਰੋ)- ਇੱਕ ਕੈਫੇ ਵਿੱਚ ਕੰਮ ਕਰਦੀ ਔਰਤ ਵੇਟਰ ਓਦੋਂ ਹੈਰਾਨ ਰਹਿ ਗਈ ਜਦ ਇੱਕ ਗਾਹਕ ਨੇ ਅਜਿਹੀ ਟਿਪ ਦਿੱਤੀ ਜਿਸ ਦੀ ਉਸ ਨੇ ਕਦੀ ਕਲਪਨਾ ਨਹੀਂ ਕੀਤੀ ਸੀ। ਇਸ ਗਾਹਕ ਦੀ ਦਰਿਆਦਿਲੀ ਦੇਖ ਕੇ ਔਰਤ ਵੇਟਰ ਹੈਰਾਨ ਰਹਿ ਗਈ। ਔਰਤ ਨੂੰ ਦੋ ਲੱਖ ਰੁਪਏ ਤੋਂ ਵੱਧ ਦੀ ਟਿਪ ਮਿਲੀ, ਜਦ ਕਿ ਖਾਣਾ ਇਸ ਟਿਪ ਦੇ ਮੁਕਾ-ਬਲੇ ਕਾਫੀ ਸਸਤਾ ਸੀ।ਮੈਰਿਆਨਾ ਲੈਂਬਰਟ ਨਾਂਅ ਦੀ ਔਰਤ ਵੇਟਰ ਸਕ੍ਰੈਂਟਨ, ਪੇਨਸਿਲਵੇਨੀਆ (ਅਮਰੀਕਾ) ਦੇ ਅਲਫਰੈਡੋ ਪੀਜ਼ਾ ਕੈਫੇ ਵਿੱਚ ਕੰਮ ਕਰਦੀ ਹੈ। ਪਿਛਲੇ ਜੂਨ ਵਿੱਚ ਇੱਕ ਵਿਅਕਤੀ ਆਇਆ ਤੇ ਉਸ ਨੇ ਸਟ੍ਰੋਮਬਾਲੀ ਖਾਣੇ ਦਾ ਆਰਡਰ ਕੀਤਾ, ਜਿਸ ਦਾ ਬਿੱਲ 1038ਰੁਪਏ ਜਿੰਨਾ ਆਇਆ, ਪਰ ਇਸ ਵਿਅਕਤੀ ਨੇ ਟਿਪ ਵਿੱਚ ਮੈਰਿਆਨਾ ਲੈਂਬਰਟ ਨੂੰ ਦੋ ਲੱਖ 39 ਹਜ਼ਾਰ ਰੁਪਏ ਬਰਾਬਰ ਦੇ ਦਿੱਤੇ। ਮੈਰਿਆਨਾ ਨੇ ਦੱਸਿਆ, ਜਦ ਉਸ ਨੂੰ ਇਹ ਟਿਪ ਮਿਲੀ ਤਾਂ ਉਹ ਹੈਰਾਨ ਰਹਿ ਗਈ। ਉਨ੍ਹਾਂ ਨੇ ਕਿਹਾ ਕਿ ਵਿਅਕਤੀ ਨੇ ਉਨ੍ਹਾਂ ਦਾ ਦਿੱਲ ਛੂਹ ਲਿਆ। ਉਸ ਨੂੰ ਇਸ ਉੱਤੇ ਯਕੀਨ ਨਹੀਂ ਹੋ ਰਿਹਾ ਕਿ ਉਸ ਨਾਲ ਇਹ ਹੋਇਆ ਹੈ। ਐਲਫਰੈਡੋ ਪੀਜ਼ਾ ਕੈਫੇ ਵਿੱਚ ਕੰਮ ਕਰਦੇ ਦੂਸਰੇ ਮੁਲਾਜ਼ਮਾਂ ਨੂੰ ਵੀ ਯਕੀਨ ਨਹੀਂ ਹੋਇਆ। ਔਰਤ ਵੇਟਰ ਨੂੰ ਦਿੱਤੇ ਇਸ ਖਾਸ ਸਰਪ੍ਰਾਈਜ਼ ਨੂੰ 'ਟਿਪ ਆਫ ਜੀਸਸ' ਮੂਵਮੈਂਟ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ। ਇਹ ਮੁਹਿੰਮ ਕਰੀਬ ਨੌਂ ਸਾਲ ਪਹਿਲਾਂ ਸ਼ੁਰੂ ਹੋਈ ਸੀ।

# 100 ਬਰਾਤੀਆਂ ਨਾਲ ਭਰੀ ਕਿਸ਼ਤੀ ਪਲਟੀ, 19 ਔਰਤਾਂ ਦੀ ਮੌਤ



ਲਾਹੌਰ, 20 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਪੰਜਾਬ ਤੇ ਸਿੰਧ ਸਰਹੱਦੀ ਖੇਤਰ ਨੇੜੇ ਸਿੰਧ ਦੀ ਵਿੱਚ ਇੱਕ ਕਿਸ਼ਤੀ ਪਲਟਣ ਨਾਲ ਕਈ ਜਣੇ ਡੁੱਬ ਗਏ। ਇਸ ਵਿੱਚ ਸਵਾਰ ਲੋਕ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਜਾ ਰਹੇ ਸਨ। ਅਧਿਕਾਰੀਆਂ ਨੇ ਇਸ ਦੀ ਜਾਣਕਾਰੀ ਦਿੱਤੀ ਹੈ।

ਅਧਿਕਾਰੀਆਂ ਨੇ ਕਿਹਾ ਕਿ ਬਰਾਤ ਦੇ ਬਾਕੀ ਲੋਕਾਂ ਦੀ ਭਾਲ ਜਾਰੀ ਹੈ। ਉਨ੍ਹਾਂ ਦੱਸਿਆ ਕਿ ਕਿਸ਼ਤੀ ਵਿੱਚ ਕਰੀਬ 100 ਲੋਕ ਸਨ, ਇਹ ਰਹੀਮ ਯਾਰ ਖਾਨ ਤੋਂ ਕਰੀਬ 65 ਕਿਲੋਮੀਟਰ ਦੂਰ ਮਛੱਕਾ ਦੇ ਕਬੀਲੇ ਦੇ ਵਸਨੀਕ ਸਨ। ਰਹੀਮ ਯਾਰ ਖਾਨ ਦੇ ਡਿਪਟੀ ਕਮਿਸ਼ਨਰ ਸਈਅਦ ਮੂਸਾ ਰਜ਼ਾ ਨੇ ਦੱਸਿਆ ਕਿ ਬਚਾਅ ਮੁਹਿੰਮ ਦੇ ਦੌਰਾਨ ਮਾਹਰ ਤੈਰਾਕਾਂ, ਪੰਜ ਐਂਬੂਲੈਂਸਾਂ ਅਤੇ ਇੱਕ ਜਲ ਬਚਾਅ ਵੈਨ ਸਮੇਤ ਕਰੀਬ ਤੀਹ ਬਚਾਅ ਕਰਮਚਾਰੀ ਮੌਕੇ ਉੱਤੇ ਮੌਜੂਦ ਸਨ।ਉਨ੍ਹਾਂ ਕਿਹਾ, ''19 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ ਅਤੇ ਇਹ ਸਾਰੀਆਂ ਔਰਤਾਂ ਹਨ। ਘੱਟ-ਘੱਟ 35 ਲੋਕਾਂ ਨੂੰ ਸਥਾਨਕ ਲੋਕਾਂ ਨੇ ਬਚਾ ਲਿਆ। ਅਸੀਂ ਬਾਕੀ ਯਾਤਰੀਆਂ ਦੀ ਭਾਲ ਕਰ ਰਹੇ ਹਾਂ।''

# ਰੇਲਵੇ ਨੇ ਖਾਣ-ਪੀਣ ਸਰਵਿਸ ਟੈਕਸ ਹਟਾ ਕੇ ਖਾਣੇ ਦੀ ਕੀਮਤ ਵਿੱਚ ਜੋੜ ਦਿੱਤਾ



ਨਵੀਂ ਦਿੱਲੀ, 20 ਜੁਲਾਈ (ਪੋਸਟ ਬਿਊਰੋ)- ਰੇਲਵੇ ਨੇ ਉਨ੍ਹਾਂ ਸਾਰੇ ਖੁਰਾਕ ਤੇ ਪੀਣ ਵਾਲੇ ਪਦਾਰਥਾਂ ਉੱਤੇ ਆਨ ਬੋਰਡ ਸੇਵਾ ਟੈਕਸ ਹਟਾ ਦਿੱਤਾ ਹੈ ਜਿਨ੍ਹਾਂ ਲਈ ਪ੍ਰੀਮੀਅਮ ਟਰੇਨਾਂ ਵਿੱਚ ਅਗੇਤੇ ਆਰਡਰ ਨਹੀਂ ਦਿੱਤੇ ਜਾਂਦੇ। ਓਹਲਾ ਇਹ ਹੈ ਕਿ ਨਾਸ਼ਤੇ, ਦੁਪਹਿਰ ਜਾਂ ਰਾਤ ਦੇ ਖਾਣੇ ਦੀ ਕੀਮਤਾਂ ਵਿੱਚ ਪੰਜਾਹ ਰੁਪਏ ਦਾ ਟੈਕਸ ਜੋੜ ਦਿੱਤਾ ਹੈ।

ਚਾਹ ਅਤੇ ਕੌਫੀ ਦੀਆਂ ਕੀਮਤਾਂ ਸਾਰੇ ਯਾਤਰੀਆਂ ਲਈ ਬਰਾਬਰ ਹੋਣਗੀਆਂ, ਬੇਸ਼ੱਕ ਤੁਸੀਂ ਇਸ ਦੇ ਲਈ ਪਹਿਲਾਂ ਬੁਕਿੰਗ ਕੀਤੀ ਹੋਵੇ ਜਾਂ ਟਰੇਨ ਵਿੱਚ ਆਰਡਰ ਕੀਤਾ ਹੋਵੇ। ਇਸ ਦੀਆਂ ਦਰਾਂ ਵਿੱਚ ਵਾਧਾ ਨਹੀਂ ਹੋਵੇਗਾ। ਭਾਰਤੀ ਰੇਲਵੇ ਖਾਣ-ਪੀਣ ਤੇ ਸੈਰ ਸਪਾਟਾ ਨਿਗਮ ਲਿਮਟਿਡ (ਆਈ ਆਰ ਸੀ ਟੀ ਸੀ) ਦੇ ਪਹਿਲੇ ਨਿਯਮ ਹੇਠ ਜੇ ਕਿਸੇ ਵਿਅਕਤੀ ਨੇ ਆਪਣੀ ਟਰੇਨ ਦੀ ਟਿਕਟ ਬੁੱਕ ਕਰਦੇ ਸਮੇਂ ਭੋਜਨ ਲਈ ਬੁਕਿੰਗ ਨਹੀਂ ਕਰਵਾਈ ਤਾਂ ਉਨ੍ਹਾਂ ਨੂੰ ਯਾਤਰਾ ਦੌਰਾਨ ਖਾਣ-ਪੀਣ ਦਾ ਆਰਡਰ ਦਿੰਦੇ ਸਮੇਂ ਵਾਧੂ ਪੰਜਾਹ ਰੁਪਏ ਦਾ ਭੁਗਤਾਨ ਕਰਨਾ ਹੁੰਦਾ ਹੈ, ਭਾਵੇਂ ਉਨ੍ਹਾਂ ਨੇ ਸਿਰਫ ਵੀਹ ਰੁਪਏ ਦੀ ਚਾਹ ਜਾਂ ਕੌਫੀ ਦਾ ਆਰਡਰ ਹੀ ਦਿੱਤਾ ਹੋਵੇ। ਅੱਗੇ ਤੋਂ ਰਾਜਧਾਨੀ, ਦੁਰੰਤੋ ਜਾਂ ਸ਼ਤਾਬਦੀ ਵਰਗੀਆਂ ਪ੍ਰੀਮੀਅਮ ਟਰੇਨਾਂ ਵਿੱਚ ਯਾਤਰੀ, ਜਿਨ੍ਹਾਂ ਨੇ ਆਪਣਾ ਭੋਜਨ ਪਹਿਲਾਂ ਤੋਂ ਬੁੱਕ ਨਹੀਂ ਕੀਤਾ, ਨੂੰ ਚਾਹ ਲਈ ਵੀਹ ਰੁਪਏ ਦਾ ਭੁਗਤਾਨ ਕਰਨਾ ਹੋਵੇਗਾ ਜੋ ਉਨ੍ਹਾਂ ਲੋਕਾਂ ਵੱਲੋਂ ਭੁਗਤਾਨ ਕੀਤੀ ਰਕਮ ਦੇ ਬਰਾਬਰ ਹੈ ਜਿਨ੍ਹਾਂ ਨੇ ਆਪਣਾ ਭੋਜਨ ਪਹਿਲਾਂ ਤੋਂ ਬੁੱਕ ਕੀਤਾ ਸੀ। ਪਹਿਲਾਂ ਅਜਿਹੇ ਯਾਤਰੀਆਂ ਲਈ ਚਾਹ ਦੀ ਕੀਮਤ ਸੱਤਰ ਰੁਪਏ ਸੀ, ਜਿਸ ਵਿੱਚ ਸਰਵਿਸ ਚਾਰਜ ਵੀ ਸ਼ਾਮਲ ਸੀ।

# ਵਧਦੀ ਗਰਮੀ ਨਾਲ ਦਿੱਲੀ, ਲੰਡਨ ਵਿੱਚ ਪਾਣੀ ਖਤਮ ਹੋ ਸਕਦੈ

* ਦੁਨੀਆ ਦੇ 10 ਪ੍ਰਮੁੱਖ ਸ਼ਹਿਰਾਂ ਵਿੱਚ ਜਲਵਾਯੂ ਸੰਕਟ



ਨਵੀਂ ਦਿੱਲੀ, 20 ਜੁਲਾਈ (ਪੋਸਟ ਬਿਊਰੋ)- ਬ੍ਰਿਟਿਸ਼ ਅਤੇ ਭਾਰਤੀ ਸ਼ਹਿਰ ਰਿਕਾਰਡ ਤਾਪਮਾਨ ਨਾਲ ਜੂਝ ਰਹੇ ਹਨ, ਇਸ ਬਾਰੇ ਕ੍ਰਿਸ਼ਚੀਅਨ ਐਡ ਦੀ ਤਾਜ਼ਾ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਲੰਡਨ ਅਤੇ ਦਿੱਲੀ ਸਮੇਤ ਦੁਨੀਆ ਦੇ 10 ਪ੍ਰਮੁੱਖ ਸ਼ਹਿਰਾਂ ਵਿੱਚ ਪਾਣੀ ਦਾ ਸੰਕਟ ਸੋਕੇ ਦੀ ਗੰਭੀਰਤਾ ਜਿਵੇਂ ਵਧਾ ਰਿਹਾ ਹੈ, ਉਸ ਨਾਲ ਜਲਵਾਯੂ ਦੇ ਨੁਕਸਾਨ ਅਤੇ ਨੁਕਸਾਨ ਦੇ ਭੁਗਤਾਨ ਲਈ ਅੰਤਰਰਾਸ਼ਟਰੀ ਫੰਡ ਦੀ ਮੰਗ ਹੋ ਰਹੀ ਹੈ।

ਇਸ ਚੈਰਿਟੀ ਨੇ ਚਿਤਾਵਨੀ ਦਿੱਤੀ ਹੈ ਕਿ ਨਿਕਾਸ ਵਿੱਚ ਕਟੌਤੀ ਤੇ ਮਿੱਠੇ ਪਾਣੀ ਦੇ ਸਾਧਨਾਂ ਦੇ ਬਿਹਤਰ ਪ੍ਰਬੰਧਾਂ ਦੀ ਕਾਰਵਾਈ ਦੇ ਬਿਨਾਂ, ਗਰੀਬਾਂ ਵੱਲੋਂ ਟੋਲ ਨੂੰ ਤੀਬਰਤਾ ਨਾਲ ਮਹਿਸੂਸ ਕੀਤਾ ਜਾਏਗਾ। ਇਸ ਰਿਪੋਰਟ ਨੂੰ ਵੋਟਿੰਗ ਨਾਲ ਸਮਰਥਨ ਦਿੱਤਾ ਗਿਆ ਹੈ, ਜੋ ਦੱਸਦਾ ਹੈ ਕਿ ਯੂ ਕੇ ਦੀ ਜਨਤਾ ਦਾ ਮੰਨਣਾ ਹੈ ਕਿ ਅਮੀਰ ਦੇਸ਼ਾਂ ਨੂੰ ਸੋਕੇ ਦੇ ਪ੍ਰਭਾਵ ਨੂੰ ਘੱਟ ਕਰਨ ਲਈ 36 ਫੀਸਦ ਭੁਗਤਾਨ ਕਰਨਾ ਚਾਹੀਦਾ ਹੈ, ਜਦ ਕਿ ਲਗਭਗ ਅੱਧੇ (49 ਫੀਸਦੀ) ਅਡਲਟ ਸੋਕੇ ਦੇ ਪ੍ਰਭਾਵ ਬਾਰੇ ਚਿੰਤਤ ਹਨ। ਧਰਤੀ ਦੀ ਸਤ੍ਹਾ ਦੇ 70 ਫੀਸਦੀ ਤੋਂ ਵੱਧ ਹਿੱਸੇ ਨੂੰ ਕਵਰ ਕਰਨ ਦੇ ਬਾਵਜੂਦ ਦੁਨੀਆ ਦਾ ਕੇਵਲ ਤਿੰਨ ਫੀਸਦੀ ਪਾਣੀ ਪੀਣ ਯੋਗ ਹੈ। ਇਸ ਪਾਣੀ ਵਿੱਚੋਂ ਸੱਤ ਫੀਸਦੀ ਗਲੇਸ਼ੀਅਰਾਂ ਤੇ ਬਰਫ ਦੀਆਂ ਟੋਪੀਆਂ ਵਿੱਚ ਬੰਦ ਹੈ। ਦੁਨੀਆ ਭਰ ਵਿੱਚ ਸਾਰੇ ਮਿੱਠੇ ਪਾਣੀ ਦਾ 0.01 ਫੀਸਦੀ ਤੋਂ ਘੱਟ ਝੀਲਾਂ, ਨਦੀ ਪਾਣੀ ਦੇ ਭੰਡਾਰਾਂ ਵਿੱਚ ਮਨੁੱਖੀ ਵਰਤੋਂ ਲਈ ਮੌਜੂਦ ਹੈ। ਇਸ ਦੇ ਬਾਵਜੂਦ ਈਸਾਈ ਸਹਾਇਤਾ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ 20ਵੀਂ ਸ਼ਤਾਬਦੀ ਦੇ ਦੌਰਾਨ ਵਿਸ਼ਵ ਪੱਧਰ ਉੱਤੇ ਪਾਣੀ ਦੀ ਵਰਤੋਂ ਵਿੱਚ ਜਨਸੰਖਿਆ ਦੀ ਦਰ ਤੋਂ ਦੁੱਗਣੇ ਤੋਂ ਵੱਧ ਵਾਧਾ ਹੋਇਆ ਹੈ।

ਅਜੇ ਪਿਛਲੇ ਮਹੀਨੇ ਚਿੱਲੀ ਦੀ ਰਾਜਧਾਨੀ ਸੈਂਟਿਆਗੋ ਵਿੱਚ ਪਾਣੀ ਦੀ ਰਾਸ਼ਨਿੰਗ ਹੋਈ ਸੀ ਅਤੇ ਲੋਕ ਨਵੀਂ ਦਿੱਲੀ ਵਿੱਚ ਪਾਣੀ ਲਈ ਲਾਈਨਾਂ ਵਿੱਚ ਲੱਗ ਗਏ ਸਨ, ਜਿੱਥੇ ਤਾਪਮਾਨ ਇੰਨਾ ਜ਼ਿਆਦਾ ਹੋ ਗਿਆ ਹੈ ਕਿ ਬਿਨਾਂ ਕੋਈ ਸਰੀਰਕ ਗਤੀਵਿਧੀ ਕੀਤੇ ਵੀ ਹੀਟਸਟਰੋਕ ਦਾ ਖਤਰਾ ਹੈ।ਸਾਲ 2018 ਵਿੱਚ ਇੱਕ ਵੱਡੇ ਸੋਕੇ ਦੇ ਬਾਅਦ ਕੇਪਟਾਊਨ ਕੁਝ ਦਿਨਾਂ ਦੇ ਅੰਦਰ ਪਾਣੀ ਦੇ ਸੰਕਟ ਵਿੱਚੋਂ ਉਭਰਣ ਵਾਲਾ ਦੁਨੀਆ ਦਾ ਪਹਿਲਾ ਵੱਡਾ ਸ਼ਹਿਰ ਬਣ ਗਿਆ ਸੀ। ਬ੍ਰਿਟੇਨ ਵਿੱਚ ਵੀ ਲੰਡਨ ਨੇ ਬੀਤੇ ਸਾਲਾਂ ਵਿੱਚ ਹੀਟਵੇਵ ਦਾ ਅਨੁਭਵ ਕੀਤਾ ਤੇ ਵਾਤਾਵਰਣ ਏਜੰਸੀ ਦੇ ਸੀ ਈ ਓ ਨੇ ਚਿਤਾਵਨੀ ਦਿੱਤੀ ਹੈ ਕਿ 25 ਸਾਲਾਂ ਵਿੱਚ ਲੰਡਨ ਤੇ ਇੰਗਲੈਂਡ ਦੇ ਦੱਖਣੀ ਪੂਰਬ ਵਿੱਚ ਪਾਣੀ ਖਤਮ ਹੋ ਸਕਦਾ ਹੈ। ਲੰਡਨ ਦੀ ਅਰਥਵਿਵਸਥਾ ਲਈ ਇੱਕ ਗੰਭੀਰ ਸੋਕੇ ਦੀ ਲਾਗਤ ਦਾ ਅੰਦਾਜ਼ਾ ਟੇਮਸ ਵਾਟਰ ਦੁਆਰਾ ਰੋਜ਼ਾਨਾ 330 ਪੌਂਡ ਹੈ, ਅਤੇ ਇਸ ਦੇ ਗੰਭੀਰ ਆਰਥਿਕ, ਸਮਾਜਕ ਅਤੇ ਵਾਤਾਵਰਣੀ ਨਤੀਜੇ ਹੋਣਗੇ।



# ਡੌਨ ਮਿਨੇਕਰ ਸੀਨੀਅਰਜ਼ ਕਲੱਬ ਨੇ ਸੈਂਟਰ ਆਈਲੈਂਡ ਦਾ ਟੂਰ ਲਾਇਆ





ਬਰੈਂਪਟਨ, (ਡਾ. ਝੰਡ) - ਪ੍ਰਾਪਤ ਸੂਚਨਾ ਅਨੁਸਾਰ ਡੌਨ ਮਿਨੇਕਰ ਸੀਨੀਅਰਜ਼ ਕਲੱਬ ਦੇ ਮੈਂਬਰਾਂ ਵੱਲੋਂ ਲੰਘੇ ਸ਼ਨੀਵਾਰ 16 ਜੁਲਾਈ ਨੂੰ ਸੈਂਟਰ ਆਈਲੈਂਡ ਦਾ ਟੂਰ ਲਾਇਆ ਗਿਆ ਜਿਸ ਦੀ ਅਗਵਾਈ ਕਲੱਬ ਦੇ ਪ੍ਰਧਾਨ ਅਮਰੀਕ ਸਿੰਘ ਕੁਮਰੀਆ ਵੱਲੋਂ ਕੀਤੀ ਗਈ ਅਤੇ ਇਸ ਦੇ ਸੁਯੋਗ ਪ੍ਰਬੰਧ ਲਈ ਰਾਮ ਪ੍ਰਕਾਸ਼, ਜਗਦੇਵ ਸਿੰਘ ਗਰੇਵਾਲ ਤੇ ਗਿਆਨ ਸਿੰਘ ਸੰਧੂ ਵੱਲੋਂ ਭਰਪੂਰ ਸਹਿਯੋਗ ਪ੍ਰਾਪਤ ਹੋਇਆ।


ਕਲੱਬ ਦੇ ਮੈਂਬਰ ਦੋ ਬੱਸਾਂ ਵਿਚ ਸਵਾਰ ਹੋ ਕੇ ਟੋਰਾਂਟੋ ਡਾਊਨ ਟਾਊਨ ਪਹੁੰਚੇ ਅਤੇ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਵਾਰਡ ਨੰਬਰ 7-8 ਦੇ ਰਿਜਨਲ ਕੌਂਸਲਰ ਪੈਟ ਫ਼ੋਰਟਿਨੀ ਅਤੇ 24 ਅਕਤੂਬਰ 2022 ਨੂੰ ਹੋ ਰਹੀਆਂ ਬਰੈਂਪਟਨ ਸਿਟੀ ਕੌਂਸਲ ਦੀਆਂ ਚੋਣਾਂ ਵਿਚ ਵਾਰਡ ਨੰਬਰ 9-10 ਤੋਂ ਸਕੂਲ-ਟਰੱਸਟੀ ਲਈ ਉਮੀਦਵਾਰ ਸੱਤ ਪਾਲ ਜੌਹਲ ਵੱਲੋਂ ਨਿੱਘੀ ਵਿਦਾਇਗੀ ਤੇ ਸ਼ੁਭ-ਇੱਛਾਵਾਂ ਦਿੱਤੀਆਂ ਗਈਆਂ। ਇਸ ਮੌਕੇ ਦੋਹਾਂ ਵੱਲੋਂ ਕਲੱਬ ਦੇ ਮੈਂਬਰਾਂ ਦੇ ਨਾਲ ਤਸਵੀਰਾਂ ਵੀ ਖਿਚਵਾਈਆਂ ਗਈਆਂ ਅਤੇ ਬੱਸਾਂ ਨੂੰ ਰਵਾਨਾ ਕੀਤਾ ਗਿਆ।

ਦੋਵੇਂ ਬੱਸਾਂ 11.00 ਵਜੇ ਟੋਰਾਂਟੋ ਡਾਊਨ ਟਾਊਨ ਫ਼ੈਰੀ-ਸਟੈਂਡ ਦੇ ਸਾਹਮਣੇ ਪਹੁੰਚ ਗਈਆਂ ਜਿੱਥੋਂ ਫ਼ੈਰੀ ਵਿਚ ਸਵਾਰ ਹੋ ਕੇ ਸਾਰੇ ਮੈਂਬਰ ਸੈਂਟਰ ਆਈਲੈਂਡ ਪਹੁੰਚੇ। ਸਾਰਿਆਂ ਨੇ ਉੱਥੇ ਘੁੰਮ ਫਿਰ ਕੇ ਅਤੇ ਖਾ ਪੀ ਕੇ ਖ਼ੂਬ ਅਨੰਦ ਮਾਣਿਆਂ। ਸਬੱਬ ਨਾਲ ਇਸ ਦਿਨ 'ਹਰੇ ਰਾਮਾ ਹਰੇ ਕ੍ਰਿਸ਼ਨਾ' ਵਾਲਿਆਂ ਦਾ ਸਲਾਨਾ ਮੇਲਾ ਵੀ ਚੱਲ ਰਿਹਾ ਸੀ ਅਤੇ ਕਈ ਮੈਂਬਰ ਇਸ ਵਿਚ ਚੱਲ ਰਹੇ ਸੰਗੀਤ ਦਾ ਕੁਝ ਸਮਾਂ ਲੁਤਫ਼ ਲੈਣ ਵੀ ਚਲੇ ਗਏ। ਔਰਤ ਮੈਂਬਰਾਂ ਨੇ ਇਕੱਠੀਆਂ ਹੋ ਕੇ ਗੀਤ ਗਾਏ ਅਤੇ ਗਿੱਧਾ ਵੀ ਪਾਇਆ। ਸਵਾ ਕੁ ਪੰਜ ਵਜੇ ਸਾਰੇ ਮੈਂਬਰ ਫ਼ੈਰੀ ਸਟੈਂਡ 'ਤੇ ਇਕੱਠੇ ਹੋ ਗਏ ਅਤੇ ਘਰਾਂ ਨੂੰ ਵਾਪਸੀ ਪਾਈ। ਅਮਰੀਕ ਸਿੰਘ ਕੁਮਰੀਆ ਨੇ ਮੈਂਬਰਾਂ ਨਾਲ ਜਾਣਕਾਰੀ ਸਾਂਝੀ ਕੀਤੀ ਕਿ ਡੌਨ ਮਿਨੇਕਰ ਸੀਨੀਅਰਜ਼ ਕਲੱਬ ਵੱਲੋਂ 14 ਅਗਸਤ ਨੂੰ ਕੈਨੇਡਾ ਡੇਅ ਤੇ ਭਾਰਤ ਦਾ ਆਜ਼ਾਦੀ-ਦਿਵਸ ਇਕੱਠੇ ਹੀ ਮਨਾਏ ਜਾਣਗੇ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


# Matrimonial

ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202



## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769









## ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


## ਲੜਕੀ ਦੀ ਲੋੜ

Looking Suitable Girl for Punjabi Ludhiana Sikh boy, 29 Years old, 5'9" height, Canadian Citizen, settled in Toronto. Please contact Ajay at (647)-859-2018


ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013





Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post




## ਲੜਕੀ ਦੀ ਲੋੜ

ਸਿੱਖ ਰਾਜਪੂਤ (ਜੰਜੂਆ), ਜਨਮ ਦਸੰਬਰ, 1991, ਕੱਦ 5'11", ਕੈਨੇਡੀਅਨ ਸਿਟੀਜਨ, ਵੈੱਲ ਸੈਟਲਡ ਲੜਕੇ ਲਈ ਕੈਨੇਡੀਅਨ ਪੀਆਰ/ਸਿਟੀਜਨ, ਉਮਰ 25-27 ਸਾਲ, ਖਾਨਦਾਨੀ ਘਰਾਣੇ ਨਾਲ ਸੰਬੰਧਤ ਸੁੰਦਰ ਅਤੇ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 647-239-4866 ਅਤੇ 647-773-5902

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013





## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**


## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ




# ਢੁੱਡੀਕੇ ਹਸਪਤਾਲ ਵਿਖੇ ਕੋਵਿਡ ਵੈਕਸੀਨ ਦੀ ਤੀਜੀ ਡੋਜ਼ ਸ਼ੁਰੂ

ਢੁੱਡੀਕੇ, 20 ਜੁਲਾਈ (ਪੋਸਟ ਬਿਊਰੋ)- ਸਿਹਤ ਮੰਤਰਾਲਾ ਭਾਰਤ ਸਰਕਾਰ, ਸਿਹਤ ਵਿਭਾਗ ਪੰਜਾਬ ਅਤੇ ਸਿਵਲ ਸਰਜਨ ਮੋਗਾ ਡਾ. ਹਤਿੰਦਰ ਕੌਰ ਕਲੇਰ ਵੱਲੋਂ ਆਜਾਦੀ ਕਾ ਅਮ੍ਰਿਤ ਮਹਾਂਉਤਸਵ ਤਹਿਤ ਦਿਸ਼ਾ ਨਿਰਦੇਸ਼ਾਂ ਹੇਠ ਸੀਨੀਅਰ ਮੈਡੀਕਲ ਅਫਸਰ ਢੁੱਡੀਕੇ ਡਾ. ਸੁਰਿੰਦਰ ਸਿੰਘ ਝੰਮਟ ਦੀ ਯੋਗ ਅਗਵਾਈ ਕਰੋਨਾ ਮਹਾਂਮਾਰੀ ਤੋਂ ਬਚਾਅ ਲਈ ਹੇਠ ਸਿਵਲ ਹਸਪਤਾਲ ਢੁੱਡੀਕੇ ਵਿਖੇ 18 ਸਾਲ ਤੋਂ 59 ਸਾਲ ਤੱਕ ਦੇ ਵਿਅਕਤੀਆਂ ਲਈ ਕੋਵਿਡ ਵੈਕਸੀਨ ਦੀ ਤੀਜੀ ਬੂਸਟਰ ਡੋਜ ਲਗਾਉਣੀ ਸ਼ੁਰੂ ਕਰ ਦਿੱਤੀ ਹੈ । ਕੋਵਿਡ ਵੈਕਸੀਨ ਦੀ ਤੀਜੀ ਡੋਜ ਬਲਾਕ ਢੁੱਡੀਕੇ ਦੇ ਸਾਰੇ ਸਿਹਤ ਕੇਂਦਰਾਂ ਤੇ ਮਿਤੀ 15 ਜੁਲਾਈ ਤੋਂ 30 ਸਤੰਬਰ 2022 ਤੱਕ ਮੁਫਤ ਲਗਾਈ ਜਾਵੇਗੀ।



ਇਸ ਸਬੰਧੀ ਪੋਸਟਰ ਜਾਰੀ ਕਰਦਿਆਂ ਡਾ. ਸੁਰਿੰਦਰ ਸਿੰਘ ਝੰਮਟ ਨੇ ਕਿਹਾ ਕਿ ਦੇਸ਼ ਭਰ ਵਿੱਚ ਕਰੋਨਾ ਦੇ ਕੇਸਾਂ ਦੀ ਗਿਣਤੀ ਫਿਰ ਤੋਂ ਵਧਣੀ ਸ਼ੁਰੂ ਹੋ ਗਈ ਹੈ ਸੋ ਇਸ ਮਹਾਂਮਾਰੀ ਤੋਂ ਬਚਣ ਲਈ ਹਰ ਇੱਕ ਨਾਗਰਿਕ ਨੂੰ ਪਹਿਲ ਦੇ ਆਧਾਰ ਤੇ ਕੋਵਿਡ ਵੈਕਸੀਨ ਦੀ ਤੀਜੀ ਡੋਜ ਲਗਵਾਉਣੀ ਚਾਹੀਦੀ ਹੈ । ਉਹਨਾਂ ਕਿਹਾ ਕਿ ਕੋਵਿਡ ਵੈਕਸੀਨ ਸਿਹਤ ਵਿਭਾਗ ਦਾ ਇੱਕ ਵੱਡਾ ਉਪਰਾਲਾ ਹੈ ਜਿਸਦਾ ਹਰ ਨਾਗਰਿਕ ਨੂੰ ਲਾਭ ਲੈਣਾ ਚਾਹੀਦਾ ਹੈ ।

ਇਸ ਮੌਕੇ ਡਾ. ਸ਼ਾਕਸੀ ਬਾਂਸਲ, ਲਖਵਿੰਦਰ ਸਿੰਘ ਬਲਾਕ ਮੀਡੀਆ ਅਫਸਰ, ਡਾ. ਵਰੁਣ ਗਰਗ, ਸਟਾਫ ਨਰਸ ਸੀਮਾ, ਕਿਰਨਜੀਤ ਕੌਰ, ਕਮਲਜੀਤ ਕੌਰ, ਰੇਡੀਓਗਰਾਫਰ ਅੰਜਲੀ ਭਾਟੀਆ ਅਤੇ ਦਰਜਾਚਾਰ ਬਲਵਿੰਦਰ ਕੌਰ ਮੌਜੂਦ ਸਨ ।

